1557 ਈ., ਅੰਗਰੇਜ਼ਾਂ ਦੁਆਰਾ

1557 ਈ., ਫਰਾਂਸੀਸੀਆਂ ਦੁਆਰਾ

1557 ਈ., ਡੱਚਾਂ ਦੁਆਰਾ

1557 ਈ., ਪੁਰਤਗਾਲੀਆਂ ਦੁਆਰਾ

ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ ਸਨ?

ਕੇਸਰੀ ਅਤੇ ਅਜੀਤ

ਪੰਜਾਬ ਕੇਸਰੀ ਅਤੇ ਮਰਾਠਾ

ਕੇਸਰੀ ਅਤੇ ਮਰਾਠਾ

ਜਾਗਰਣ ਅਤੇ ਹਿੰਦੂ

ਬੜੌਦਾ ਯੂਨੀਵਰਸਿਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿੱਤਰਕਾਰਾਂ ਦੇ ਨਾਂ ਲਿਖੋ।

ਜੀ.ਆਰ. ਸੰਤੋਸ਼, ਗੁਲਾਮ ਸ਼ੇਖ, ਸ਼ਾਂਤੀ ਦੇਵ

ਡੀ.ਆਰ. ਚੌਧਰੀ, ਸਤੀਸ਼ ਗੁਜਰਾਲ ਅਤੇ ਕੇ.ਜੀ. ਸੁਬਰਾਮਨੀਅਮ

ਡੀ.ਆਰ. ਚੌਧਰੀ, ਸਤੀਸ਼ ਗੁਜਰਾਲ ਅਤੇ ਕੇ.ਜੀ. ਸੁਬਰਾਮਨੀਅਮ ਕਿਹੜੇ ਸਕੂਲ ਦੇ ਪ੍ਰਸਿੱਧ ਕਲਾਕਾਰ ਹਨ?

ਮਦਰਾਸ ਦਾ ਕਲਾ ਸਕੂਲ

ਬੜੌਦਾ ਯੂਨੀਵਰਸਿਟੀ ਦਾ ਆਰਟ ਸਕੂਲ

19ਵੀਂ ਸਦੀ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਆਧੁਨਿਕ ਭਾਰਤੀ ਸਾਹਿਤ ਨਾਵਲ, ਕਹਾਣੀ, ਕਥਾਸਾਹਿਤ, ਲਘੂ ਵਾਰਤਾ, ਕਾਵਿ ਰਚਨਾ, ਨਾਟਕ ਅਤੇ ਸਿਨੇਮਾ ਆਦਿ ਦਾ ਬਹੁਤ ਵਿਕਾਸ ਹੋਇਆ।

ਸਹੀ

ਗਲਤ

ਬੰਦੇ ਮਾਤਰਮ ਰਾਸ਼ਟਰੀ ਗੀਤ ________________ ਨੇ ਲਿਖਿਆ।

ਰਬਿੰਦਰ ਨਾਥ ਟੈਗੋਰ

ਬੰਕਿਮ ਚੰਦਰ ਚਟਰਜੀ

ਮੁਨਸ਼ੀ ਪ੍ਰੇਮ ਚੰਦ ਨੇ ਉਰਦੂ ਅਤੇ ਹਿੰਦੀ ਭਾਸ਼ਾ ਵਿੱਚ ਕਈ ਨਾਵਲ ਲਿਖੇ।

ਗਲਤ

ਸਹੀ

ਰਬਿੰਦਰ ਨਾਥ ਟੈਗੋਰ, ਪ੍ਰੇਮ ਚੰਦ, ਜਸ਼ਪਾਲ, ਜੇਤਿੰਦਰ ਕੁਮਾਰ ਅਤੇ ਕ੍ਰਿਸ਼ਨ ਚੰਦਰ ਆਦਿ ਭਾਰਤ ਦੇ ਪ੍ਰਸਿੱਧ ___________ ਲੇਖਕ ਸਨ।

ਲਘੂ-ਵਾਰਤਾ

ਮੁਕਤੀਬੋਧ

ਸਿਨੇਮਾ

ਰਾਜਾ ਰਵੀ ਵਰਮਾ ਚਿੱਤਰਕਾਰੀ ਦੇ ਨਾਲ-ਨਾਲ ਬੁੱਤਤਰਾਸ਼ੀ ਵਿੱਚ ਵੀ ਮਾਹਿਰ ਸੀ। ਉਸ ਨੇ ਭਾਰਤ ਦੇ ਬੀਤੇ ਸਮੇਂ ਨੂੰ ਤਸਵੀਰਾਂ ਦੁਆਰਾ ਪ੍ਰਗਟ ਕੀਤਾ।

ਸਹੀ

ਗਲਤ

ਅੰਮ੍ਰਿਤਾ ਸ਼ੇਰ ਗਿੱਲ ਅਤੇ ____________ ਪ੍ਰਸਿੱਧ ਭਾਰਤੀ ਚਿੱਤਰਕਾਰ ਸਨ। ਉਨ੍ਹਾਂ ਨੂੰ ਆਧੁਨਿਕ ਯੂਰਪੀਨ ਕਲਾ, ਆਧੁਨਿਕ ਜੀਵ-ਆਤਮਾ ਅਤੇ ਹਾਵ-ਭਾਵ ਦੀਆਂ ਕਿਸਮਾਂ ਬਾਰੇ ਬਹੁਤ ਜਾਣਕਾਰੀ ਸੀ।

ਜਾਰਜ ਵਾਸ਼ਿੰਗਟਨ

ਜਾਰਜ ਕੀਟ

ਜਾਰਜ ਥਾਮਸ

ਪ੍ਰਿੰਸ ਆਫ ਵੈਲਜ਼ ਮਿਊਜ਼ੀਅਮ ਨੂੰ ਅੱਜਕਲ੍ਹ ਛੱਤਰਪਤੀ ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਹਿਲਯ ਵੀ ਕਿਹਾ ਜਾਂਦਾ ਹੈ।

ਸਹੀ

ਗਲਤ

ਵਾਰ ਮੈਮੋਰੀਅਲ (ਚੇਨੱਈ) ਸੰਸਾਰ ਦੀ ਪਹਿਲੀ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੀ ਯਾਦ ਵਿੱਚ ਬਣਾਈ ਗਈ।

ਗਲਤ

ਸਹੀ

ਚੇਨੱਈ ਵਿਖੇ ਮੈਰੀਨਾ ਸਮੁੰਦਰੀ ਕਿਨਾਰਾ ਲਗਭੱਗ ____________ ਲੰਬਾ ਹੈ।

3

6

9

12

ਗੇਟਵੇ ਆਫ ਇੰਡੀਆ ਭਾਰਤ ਦੇ ਕਿਸ ਸ਼ਹਿਰ ਵਿੱਚ ਹੈ?

ਦਿੱਲੀ

ਮੁਬੰਈ

ਚੇਨੱਈ

ਕੋਲਕਾਤਾ

ਫੋਰਟ ਸੇਂਟ ਜਾਰਜ (ਚੇਨੱਈ) ਭਾਰਤ ਵਿੱਚ ਪਹਿਲਾ ਅੰਗਰੇਜ਼ੀ ਕਿਲ੍ਹਾ ਸੀ।

ਸਹੀ

ਗਲਤ

ਸਾਡੇ ਪੁਰਾਤਨ ਭਾਰਤੀ ਨਾਚ ਭਾਰਤ ਨਾਟਿਆਮ, ਕੱਥਕਲੀ, ਕੱਚੀਪੁੜੀ ਅਤੇ ਕੱਥਕ ਨਹੀਂ ਹਨ।

ਸਹੀ

ਗਲਤ

ਸਾਡੇ ਦੇਸ਼ ਦਾ ਪੁਰਾਤਨ ਸੰਗੀਤ, ਹਿੰਦੁਸਤਾਨੀ ਅਤੇ ਕਰਨਾਟਕ ਸੰਗੀਤ ਸਕੂਲ ਭਾਰਤ ਦੇ ਅਮੀਰ ਵਿਰਸੇ ਦੀ ਉਦਾਹਰਣ ਹਨ।

ਸਹੀ

ਗਲਤ

ਫਰਾਂਸਿਸ ਨਿਊਟਨ ਸੁਜ਼ਾ ਕਿਸ ਸਕੂਲ ਦਾ ਇੱਕ ਪ੍ਰਸਿੱਧ ਕਲਾਕਾਰ ਸੀ?

ਬੰਗਾਲ ਦਾ ਕਲਾ ਸਕੂਲ

ਬੰਬਈ ਦਾ ਕਲਾ ਸਕੂਲ

ਮਦਰਾਸ ਦਾ ਕਲਾ ਸਕੂਲ

ਰਵਿੰਦਰ ਨਾਥ ਟੈਗੋਰ, ਹਾਵੈੱਲ ਕੁਮਾਰ ਸੁਆਮੀ ਨੇ ਕਿਹੜੇ ਕਲਾ ਸਕੂਲ ਨੂੰ ਪ੍ਰਫੁਲਿਤ ਕੀਤਾ?

ਬੰਗਾਲ ਦਾ ਕਲਾ ਸਕੂਲ

ਮਦਰਾਸ ਦਾ ਕਲਾ ਸਕੂਲ

ਬੰਬਈ ਦਾ ਕਲਾ ਸਕੂਲ

ਦੁਨੀਆਂ ਦਾ ਦੂਜਾ ਪ੍ਰਸਿੱਧ ਨਿਆਂਇਕ ਕੰਪਲੈਕਸ ਕਿੱਥੇ ਸਥਿਤ ਹੈ?

ਬੰਬਈ

ਚੇਨੱਈ

ਮਦੁਰਾਇ

ਮੈਸੂਰ

https://forms.gle/TU4JHZTmRLerKTQy7

ਪਾਠ 19-ਰਾਸ਼ਟਰੀ ਅੰਦੋਲਨ:1885-1919ਈ.

ਹੇਠ ਲਿਖਿਆਂ ਵਿੱਚੋਂ ਕਿਹੜਾ ਤੱਥ ਭਾਰਤੀਆਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਪ੍ਰਮੁੱਖ ਕਾਰਨਾਂ ਵਿੱਚ ਸ਼ਾਮਲ ਨਹੀਂ ਹੈ?

1857 ਈ. ਦਾ ਵਿਦਰੋਹ, ਪ੍ਰਸ਼ਾਸਨਿਕ ਏਕਤਾ

ਸਮਾਜਿਕ-ਧਾਰਮਿਕ ਸੁਧਾਰ ਲਹਿਰਾਂ, ਪੱਛਮੀ ਸਿੱਖਿਆ ਅਤੇ ਸਾਹਿਤ

ਭਾਰਤੀ ਲੋਕਾਂ ਦੀ ਆਰਥਿਕ ਲੁੱਟ-ਖਸੁੱਟ ਕਰਨਾ, ਭਾਰਤੀਆਂ ਨੂੰ ਉੱਚੇ ਅਹੁਦਿਆਂ ਤੇ ਨਿਯੁਕਤ ਨਾ ਕਰਨਾ

ਭਾਰਤੀ ਸਮਾਚਾਰਾਂ ਅਤੇ ਸਾਹਿਤ ਦਾ ਪ੍ਰਭਾਵ, ਇਲਬਰਟ ਬਿੱਲ ਦਾ ਵਿਰੋਧ

ਭਾਰਤੀ ਰਾਜਿਆਂ ਦਾ ਆਪਸ ਵਿੱਚ ਲੜਦੇ ਰਹਿਣਾ

ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਮਿਸਟਰ ਏ.ਓ. ਹਿਊਮ ਨੇ _____________ ਈ. ਵਿੱਚ ਬੰਬਈ ਵਿਖੇ ਕੀਤੀ।

28 ਦਸੰਬਰ 1858

28 ਦਸੰਬਰ 1885

28 ਦਸੰਬਰ 1985

28 ਦਸੰਬਰ 1857

ਇੰਡੀਅਨ ਨੈਸ਼ਨਲ ਕਾਂਗਰਸ ਦਾ ਪਹਿਲਾ ਸਮਾਗਮ ਬੰਬਈ ਵਿਖੇ ਵੋਮੇਸ਼ ਚੰਦਰ ਬੈਨਰਜੀ ਦੀ ਪ੍ਰਧਾਨਗੀ ਹੇਠ ਹੋਇਆ ਅਤੇ ਇਸ ਵਿੱਚ 72 ਪ੍ਰਤੀਨਿੱਧਾਂ ਨੇ ਹਿੱਸਾ ਲਿਆ।

ਸਹੀ

ਗਲਤ

ਹੇਠ ਲਿਖਿਆਂ ਵਿੱਚੋਂ ਕਿਹੜੇ ਉਦੇਸ਼ ਦਾ ਸੰਬੰਧ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਮੁੱਖ ਉਦੇਸ਼ਾਂ ਨਾਲ ਨਹੀਂ ਸੀ?

ਦੇਸ਼ ਦੇ ਵੱਖਵੱਖ ਭਾਗਾਂ ਵਿੱਚ ਦੇਸ਼ ਭਲਾਈ ਦੇ ਕੰਮ ਕਰਨ ਵਾਲੇ ਲੋਕਾਂ ਨਾਲ ਸੰਪਰਕ ਅਤੇ ਮਿੱਤਰਤਾ ਕਾਇਮ ਕਰਨਾ

ਭਾਰਤੀ ਲੋਕਾਂ ਵਿੱਚ ਜਾਤੀਵਾਦ, ਪ੍ਰਾਂਤਵਾਦ ਅਤੇ ਧਾਰਮਿਕ ਭੇਦਭਾਵ ਨੂੰ ਖਤਮ ਕਰਕੇ ਰਾਸ਼ਟਰੀ ਏਕਤਾ ਦੀ ਭਾਵਨਾ ਪੈਦਾ ਕਰਨਾ

ਲੋਕਾਂ ਦੀ ਭਲਾਈ ਕਰਨ ਲਈ ਸਰਕਾਰ ਅੱਗੇ ਪੱਤਰ ਅਤੇ ਪ੍ਰਾਰਥਨਾ ਪੱਤਰ ਪੇਸ਼ ਕਰਨੇ

ਦੇਸ਼ ਵਿੱਚ ਸਮਾਜਿਕ ਅਤੇ ਆਰਥਿਕ ਸੁਧਾਰ ਕਰਨ ਲਈ ਸੁਝਾਅ ਇਕੱਠੇ ਕਰਨੇ

ਭਾਰਤੀਆਂ ਨੂੰ ਅਗਰੇਜ਼ਾਂ ਖਿਲਾਫ਼ ਹਥਿਆਰ ਚੁੱਕਣ ਲਈ ਉਕਸਾਉਣਾ

1885 ਤੋਂ 1905 ਈ. ਤੱਕ ਰਾਸ਼ਟਰਵਾਦੀ ਅੰਦੋਲਨ ਨੂੰ ___________ ਕਿਹਾ ਜਾਂਦਾ ਹੈ।

ਉਦਾਰਵਾਦੀ ਯੁੱਗ

ਉਗਰਵਾਦੀ ਯੁੱਗ

ਫਿਰੋਜ਼ਸ਼ਾਹ ਮਹਿਤਾ, ਦਾਦਾ ਭਾਈ ਨਾਰੋਜ਼ੀ, ਸੁਰਿੰਦਰ ਨਾਥ ਬੈਨਰਜ਼ੀ, ਗੋਪਾਲ ਕ੍ਰਿਸ਼ਨ ਗੋਖਲੇ ਅਤੇ ਮਦਨ ਮੋਹਨ ਮਾਲਵੀਆ ਨੂੰ __________ ਕਿਹਾ ਜਾਂਦਾ ਹੈ।

ਉਗਰਵਾਦੀ ਨੇਤਾ

ਉਦਾਰਵਾਦੀ ਨੇਤਾ

ਹੇਠ ਲਿਖਿਆਂ ਵਿੱਚੋਂ ਕਿਹੜੀ ਮੰਗ ਇੰਡੀਅਨ ਨੈਸ਼ਨਲ ਕਾਂਗਰਸ ਦੀ ਮੰਗ ਨਹੀਂ ਸੀ?

ਕੇਂਦਰੀ ਅਤੇ ਪ੍ਰਾਂਤਕ ਵਿਧਾਨ ਸਭਾਵਾਂ ਦੇ ਵਿੱਚ ਭਾਰਤੀ ਲੋਕਾਂ ਨੂੰ ਆਪਣੇ ਪ੍ਰਤੀਨਿਧ ਚੁਣਨ ਦਾ ਅਧਿਕਾਰ ਦਿੱਤਾ ਜਾਵੇ

ਭਾਰਤੀ ਲੋਕਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਉੱਚੀਆਂ ਨੌਕਰੀਆਂ ਤੇ ਨਿਯੁਕਤ ਕੀਤਾ ਜਾਵੇ

ਦੇਸ਼ ਵਿੱਚ ਸਿੱਖਿਆ ਦਾ ਪ੍ਰਸਾਰ ਕੀਤਾ ਜਾਵੇ

ਪ੍ਰੈਸ ਉੱਤੇ ਲਗਾਈਆਂ ਨਾਜਾਇਜ਼ ਬੰਦਸ਼ਾਂ ਨੂੰ ਹਟਾਇਆ ਜਾਵੇ

ਕਿਸਾਨਾਂ ਤੋਂ ਵਸੂਲ ਕੀਤੇ ਜਾਂਦੇ ਭੂਮੀ ਕਰ ਦੀ ਰਾਸ਼ੀ ਘਟਾਈ ਜਾਵੇ

ਸਿੰਚਾਈ ਦੀ ਵਿਵਸਥਾ ਨਾ ਕੀਤੀ ਜਾਵੇ

1905 ਤੋਂ 1919 ਈ. ਤੱਕ ਰਾਸ਼ਟਰੀ ਅੰਦੋਲਨ ਦੀ ਅਗਵਾਈ ___________ ਨੇ ਕੀਤੀ।

ਉਦਾਰਵਾਦੀ ਨੇਤਾਵਾਂ

ਉਗਰਵਾਦੀ ਨੇਤਾਵਾਂ

ਲਾਰਡ ਕਰਜ਼ਨ ਨੇ __________ ਈ. ਵਿੱਚ ਬੰਗਾਲ ਦੀ ਵੰਡ ਕਰ ਦਿੱਤੀ। ਇਹ ਵੰਡ ਕਰਨ ਦਾ ਅਸਲੀ ਉਦੇਸ਼ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫੁੱਟ ਪਾਉਣੀ ਅਤੇ ਰਾਸ਼ਟਰੀ ਸ਼ਕਤੀ ਨੂੰ ਕਮਜ਼ੋਰ ਕਰਨਾ ਸੀ।

1805

1950

1857

1905

ਲਾਰਡ ਕਰਜ਼ਨ ਦੁਆਰਾ 1905 ਈ. ਵਿੱਚ ਬੰਗਾਲ ਦੀ ਵੰਡ ਕਰਨ ਨਾਲ ਬੰਗਾਲ ਵਿੱਚ ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਸ਼ੁਰੂ ਹੋਇਆ। ਜਿਸ ਦਾ ਉਦੇਸ਼ ਵਿਦੇਸ਼ੀ ਵਸਤਾਂ ਦੀ ਬਾਈਕਾਟ ਕਰਨਾ, ਸਵਦੇਸ਼ੀ ਵਸਤਾਂ ਦੀ ਵਰਤੋਂ ਕਰਨਾ ਸੀ।

ਗਲਤ

ਸਹੀ

___________ ਨੇ ਕਿਹਾ ਸੀ " ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ ਅਤੇ ਮੈਂ ਇਸ ਨੂੰ ਪ੍ਰਾਪਤ ਕਰ ਕੇ ਹੀ ਰਹਾਂਗਾ। "

ਦਾਦਾ ਭਾਈ ਨਾਰੋਜ਼ੀ

ਲਾਲਾ ਹਰਦਿਆਲ

ਬਾਲ ਗੰਗਾਧਰ ਤਿਲਕ

ਮੁਸਲਿਮ ਲੀਗ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ ਸੀ?

30 ਦਸੰਬਰ 1906, ਹਿੰਦੂ ਨੇਤਾਵਾਂ ਨੇ

30 ਦਸੰਬਰ 1906, ਮੁਸਲਮਾਨ ਨੇਤਾਵਾਂ ਨੇ

30 ਦਸੰਬਰ 1960, ਮੁਸਲਮਾਨ ਨੇਤਾਵਾਂ ਨੇ

30 ਦਸੰਬਰ 1906, ਈਸਾਈ ਨੇਤਾਵਾਂ ਨੇ

ਹੇਠ ਲਿਖਿਆਂ ਵਿੱਚੋਂ ਕਿਹੜੇ ਨੇਤਾ ਦਾ ਉਗਰਵਾਦੀ ਅੰਦੋਲਨ ਨਾਲ ਸੰਬੰਧ ਨਹੀਂ ਸੀ।

ਬਾਲ ਗੰਗਾਧਰ ਤਿਲਕ

ਲਾਲਾ ਲਾਜਪਤ ਰਾਏ

ਵਿਪਨ ਚੰਦਰ ਪਾਲ

ਦਾਦਾ ਭਾਈ ਨਾਰੋਜੀ

ਇੰਡੀਅਨ ਨੈਸ਼ਨਲ ਕਾਂਗਰਸ ਦਾ ਸਮਾਗਮ ਸੂਰਤ ਵਿਖੇ 1907 ਈ. ਵਿੱਚ ਹੋਇਆ। ਇਸ ਵਿੱਚ ਗਰਮ ਦਲ ਦੇ ਨੇਤਾਵਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਵੱਖ ਹੋ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਰੰਤੂ 1916 ਈ. ਵਿੱਚ ਕਾਂਗਰਸ ਦੇ ਦੋਹਾਂ ਦਲਾਂ ਵਿੱਚਕਾਰ ਦੁਬਾਰਾ ਸਮਝੌਤਾ ਹੋ ਗਿਆ ਸੀ।

ਸਹੀ

ਗਲਤ

ਅਮਰੀਕਾ ਦੇ ਸਨਫਰਾਂਸਿਸਕੋ ਵਿੱਚ 1913 ਈ. ਵਿੱਚ ਗਦਰ ਪਾਰਟੀ ਦੀ ਸਥਾਪਨਾ ਕਰਕੇ _____________ ਨੂੰ ਪ੍ਰਧਾਨ ਬਣਾਇਆ ਗਿਆ।

ਲਾਲਾ ਹਰਦਿਆਲ

ਸੋਹਨ ਸਿੰਘ ਭਕਨਾ

ਸੁਭਾਸ਼ ਚੰਦਰ ਬੋਸ

1916 ਈ. ਵਿੱਚ ਸ਼੍ਰੀਮਤੀ ਐਨੀ ਬੇਸੈਂਟ ਨੇ ਮਦਰਾਸ ਵਿਖੇ ਅਤੇ ਬਾਲ ਗੰਗਾਧਰ ਤਿਲਕ ਨੇ ਪੂਨੇ ਵਿਖੇ ਹੋਮਰੂਲ ਅੰਦੋਲਨ ਦੀ ਸਥਾਪਨਾ ਕੀਤੀ।

ਗਲਤ

ਸਹੀ

https://forms.gle/4T2BnxNWxSBirdZW9

ਪਾਠ 20 ਭਾਰਤੀ ਸੁੰਤਤਰਤਾ ਲਈ ਸੰਘਰਸ਼; 1919-1947

ਮਹਾਤਮਾ ਗਾਂਧੀ ਜੀ ਦੱਖਣੀ ਅਫ਼ਰੀਕਾ ਤੋਂ ਭਾਰਤ _____ ਈ. ਵਿੱਚ ਵਾਪਿਸ ਆਏ।

1910

1915

1919

1921

ਮਹਾਤਮਾ ਗਾਂਧੀ ਜੀ 1919 ਈ. ਵਿੱਚ ਭਾਰਤ ਦੇ ਰਾਜਨੀਤਿਕ ਮਾਮਲਿਆਂ ਵਿੱਚ ਸ਼ਾਮਲ ਹੋਏ ਅਤੇ 1947 ਈ. ਤੱਕ ਆਜ਼ਾਦੀ ਪ੍ਰਾਪਤ ਕਰਨ ਲਈ ਕੀਤੇ ਗਏ ਅੰਦੋਲਨਾਂ ਦੀ ਅਗਵਾਈ ਕੀਤੀ। ਇਸ ਲਈ ਭਾਰਤੀ ਇਤਿਹਾਸ ਦੇ 1919-1947 ਈ. ਦੇ ਸਮੇਂ ਨੂੰ ਗਾਂਧੀ ਯੁੱਗ ਕਿਹਾ ਜਾਂਦਾ ਹੈ।

ਸਹੀ

ਗਲਤ

ਮਹਾਤਮਾ ਗਾਂਧੀ ਦਾ ਜਨਮ _______ 1869 ਈ. ਨੂੰ ਦੀਵਾਨ ਕਰਮ ਚੰਦ ਗਾਂਧੀ ਜੀ ਦੇ ਘਰ ਕਾਠਿਆਵਾੜ (ਗੁਜਰਾਤ) ਦੇ ਨਗਰ ਪੋਰਬੰਦਰ ਵਿੱਚ ਹੋਇਆ ਸੀ। ਉਨ੍ਹਾਂ ਦੀ ਮਾਤਾ ਦਾ ਨਾਮ ਪੁਤਲੀ ਬਾਈ ਸੀ।

14 ਨਵੰਬਰ

2 ਅਕਤੂਬਰ
26 ਜਨਵਰੀ
15 ਅਗਸਤ

ਰੋਲਟ ਐਕਟ ਕਦੋਂ ਪਾਸ ਹੋਇਆ?

1857 ਈ.
1905 ਈ.
1919 ਈ.
1991 ਈ.

ਰੋਲਟ ਐਕਟ 1919 ਈ. ਦੇ ਸੰਬੰਧ ਵਿੱਚ ਹੇਠ ਲਿਖਿਆ ਕਿਹੜਾ ਤੱਥ ਸਹੀ ਨਹੀਂ ਹੈ?

ਅੰਗਰੇਜ਼ੀ ਸਰਕਾਰ ਨੇ ਹਾਲਾਤ ਉੱਪਰ ਕਾਬੂ ਪਾਉਣ ਲਈ ਰੋਲਟ ਐਕਟ ਪਾਸ ਕੀਤਾ

ਐਕਟ ਅਨੁਸਾਰ ਅੰਗਰੇਜ਼ ਸਰਕਾਰ ਬਗੈਰ ਵਾਰੰਟ ਜਾਰੀ ਕੀਤੇ ਕਿਸੇ ਵੀ ਵਿਅਕਤੀ ਨੂੰ ਸ਼ੱਕ ਦੇ ਆਧਾਰ ਤੇ ਗ੍ਰਿਫਤਾਰ ਕਰ ਸਕਦੀ ਸੀ

ਉਹ ਵਿਅਕਤੀ ਆਪਣੀ ਗ੍ਰਿਫਤਾਰੀ ਵਿਰੁੱਧ ਅਦਾਲਤ ਵਿੱਚ ਅਪੀਲ ਕਰ ਸਕਦਾ ਸੀ

1919 ਈ. ਦੇ ਰੋਲਟ ਐਕਟ ਦੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਮਹਾਤਮਾ ਗਾਂਧੀ ਨੇ ਸੱਤਿਆਗ੍ਰਹਿ ਸ਼ੁਰੂ ਕੀਤਾ

ਨਾ-ਮਿਲਵਰਤਨ ਅੰਦੋਲਨ ਅਧੀਨ ਮਹਾਤਮਾ ਗਾਂਧੀ ਜੀ ਨੇ ਆਪਣੀ ਕੇਸਰ-ਏ-ਹਿੰਦ ਉਪਾਧੀ ਸਰਕਾਰ ਨੂੰ ਵਾਪਸ ਕਰ ਦਿੱਤੀ।

ਗਲਤ
ਸਹੀ

ਜਲ੍ਹਿਆਂ ਵਾਲੇ ਬਾਗ ਦੀ ਘਟਨਾ ਕਦੋਂ ਵਾਪਰੀ?

19 ਅਪ੍ਰੈਲ 1919
13 ਅਪ੍ਰੈਲ 1919
30 ਅਪ੍ਰੈਲ 1919
21 ਅਪ੍ਰੈਲ 1919

ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਵਿੱਚ ਲਗਭੱਗ _____________ ਲੋਕ ਮਾਰੇ ਗਏ ਅਤੇ 3000 ਤੋਂ ਵੱਧ ਲੋਕ ਜ਼ਖ਼ਮੀ ਹੋਏ।

100
500
700
1000

ਭਾਰਤ ਦੇ ਮੁਸਲਮਾਨ ਲੋਕਾਂ ਨੇ ਅੰਗਰੇਜ਼ਾਂ ਦਾ ਵਿਰੋਧ ਕਰਨ ਲਈ ਕਿਹੜਾ ਅੰਦੋਲਨ ਸ਼ੁਰੂ ਕੀਤਾ, ਜਿਸ ਦੀ ਅਗਵਾਈ ਸ਼ੋਕਤ ਅਲੀ, ਮੁਹੰਮਦ ਅਲੀ, ਅਬੁਲ ਕਲਾਮ ਆਜ਼ਾਦ ਅਤੇ ਅਜ਼ਮਲ ਖਾਂ ਨੇ ਕੀਤੀ?

ਨਾ-ਮਿਲਵਰਤਨ ਅੰਦੋਲਨ
ਖਿਲਾਫਤ ਅੰਦੋਲਨ
ਸੱਤਿਆਗ੍ਰਹਿ ਅੰਦੋਲਨ
ਕਿਸਾਨ ਅੰਦੋਲਨ

ਮਹਾਤਮਾ ਗਾਂਧੀ ਜੀ ਨੇ ਅੰਗਰੇਜ਼ੀ ਸਰਕਾਰ ਖ਼ਿਲਾਫ ਨਾ-ਮਿਲਵਰਤਨ ਅੰਦੋਲਨ ਕਦੋਂ ਸ਼ੁਰੂ ਕੀਤਾ?

1915 ਈ.
1920 ਈ.
1943 ਈ.
1947 ਈ.

ਮੋਤੀ ਲਾਲ ਨਹਿਰੂ, ਡਾ. ਰਾਜਿੰਦਰ ਪ੍ਰਸਾਦ ਅਤੇ ਲਾਲਾ ਲਾਜਪਤ ਰਾਏ ਨੇ _______________ ਅਧੀਨ ਵਕਾਲਤ ਛੱਡ ਦਿੱਤੀ ਸੀ।

ਨਾ-ਮਿਲਵਰਤਨ ਅੰਦੋਲਨ
ਖਿਲਾਫਤ ਅੰਦੋਲਨ
ਭਾਰਤ ਛੱਡੋ ਅੰਦੋਲਨ
ਚਿਪਕੋ ਅੰਦੋਲਨ

ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਗੋਰਖਪੁਰ ਦੇ ਪਿੰਡ ਚੌਰੀਚੌਰਾ ਵਿੱਚ ਹਿੰਸਕ ਘਟਨਾ ਵਾਪਰਨ ਨਾਲ ਮਹਾਤਮਾ ਗਾਂਧੀ ਨੇ ________ ਵਿੱਚ ਨਾ-ਮਿਲਵਰਤਨ ਅੰਦੋਲਨ ਨੂੰ ਮੁਲਤਵੀ ਕਰ ਦਿੱਤਾ।

ਲਖਨਊ
ਬਾਰਦੋਲੀ
ਦਿੱਲੀ
ਕਾਠਿਆਵਾੜ

1923 ਈ. ਵਿੱਚ ਸੁਤੰਤਰਤਾ ਪ੍ਰਾਪਤ ਕਰਨ ਲਈ ਸਵਰਾਜ ਪਾਰਟੀ ਦੀ ਸਥਾਪਨਾ ਕਿਸ ਨੇ ਕੀਤੀ ਸੀ?

ਮਹਾਤਮਾ ਗਾਂਧੀ
ਪੰਡਿਤ ਜਵਾਹਰ ਲਾਲ ਨਹਿਰੂ
ਸੀ. ਆਰ.ਦਾਸ
ਪੰਡਿਤ ਮੋਤੀ ਲਾਲ ਨਹਿਰੂ ਅਤੇ ਸੀ. ਆਰ. ਦਾਸ

__________ ਵਿੱਚ ਭੇਜੇ ਗਏ ਸਾਈਮਨ ਕਮਿਸ਼ਨ ਵਿੱਚ ਕੁੱਲ 7 ਅੰਗਰੇਜ਼ ਮੈਂਬਰ ਸਨ।

1927 ਈ.
1928 ਈ.
1930 ਈ.
1932 ਈ.

ਮਹਾਤਮਾ ਗਾਂਧੀ ਜੀ ਨੇ ਨਾ-ਮਿਲਵਰਤਨ ਅੰਦੋਲਨ ਕਦੋਂ ਵਾਪਸ ਲੈ ਲਿਆ ਸੀ?

1919 ਈ. ਵਿੱਚ

1922 ਈ. ਵਿੱਚ

1925 ਈ. ਵਿੱਚ

1931 ਈ. ਵਿੱਚ

1920 ਈ. ਤੋਂ 1925 ਈ. ਦੌਰਾਨ ਪੰਜਾਬ ਵਿੱਚ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਦੀ ਸਥਾਪਨਾ ਕੀਤੀ ਗਈ। ਇਸ ਲਹਿਰ ਨੂੰ ________ ਵੀ ਕਿਹਾ ਜਾਂਦਾ ਹੈ।

ਜਨਤਾ ਲਹਿਰ

ਭਾਜਪਾ ਲਹਿਰ

ਅਕਾਲੀ ਲਹਿਰ

ਕਾਂਗਰਸ ਲਹਿਰ

ਨਨਕਾਣਾ ਸਾਹਿਬ ਗੁਰਦੁਆਰੇ ਦਾ ਮਹੰਤ ____________ ਇੱਕ ਚਰਿੱਤਰਹੀਣ ਵਿਅਕਤੀ ਸੀ।

ਮਹੰਤ ਦਾਸ

ਨਰੈਣ ਦਾਸ

ਬਿਸ਼ਨ ਦਾਸ

ਸੁੰਦਰ ਦਾਸ

ਗੁਰੂ ਦੇ ਬਾਗ ਗੁਰਦੁਆਰੇ ਦਾ ਪ੍ਰਬੰਧ ਮਹੰਤ _______ ਕੋਲ ਸੀ ਜਿਹੜਾ ਕਿ ਚਰਿੱਤਰ ਹੀਣ ਵਿਅਕਤੀ ਸੀ।

ਨਰੈਣ ਦਾਸ

ਸੁੰਦਰ ਦਾਸ

ਬਿਸ਼ਨ ਦਾਸ

ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਦਾ ਸੰਬੰਧ ਕਿਸ ਮੋਰਚੇ ਨਾਲ ਹੈ ਜਿਨ੍ਹਾਂ ਨੂੰ 1923 ਈ. ਵਿੱਚ ਅਕਾਲੀਆਂ ਦੀ ਸਹਾਇਤਾ ਕਰਨ ਦੇ ਜੁਰਮ ਕਾਰਨ ਗੱਦੀ ਉੱਤੋਂ ਉਤਾਰ ਦਿੱਤਾ ਗਿਆ ਸੀ?

ਚਾਬੀਆਂ ਦਾ ਮੋਰਚਾ

ਨਨਕਾਣਾ ਸਾਹਿਬ ਦਾ ਮੋਰਚਾ

ਜੈਤੋ ਦਾ ਮੋਰਚਾ

ਗੁਰੂ ਦੇ ਬਾਗ ਦਾ ਮੋਰਚਾ

4 ਅਪ੍ਰੈਲ 1930 ਈ. ਨੂੰ ਮਹਾਤਮਾ ਗਾਂਧੀ ਜੀ ਨੇ ਡਾਂਡੀ ਪਿੰਡ ਵਿੱਚ ਸਮੁੰਦਰ ਦੇ ਪਾਣੀ ਤੋਂ ਨਮਕ ਤਿਆਰ ਕਰਕੇ ਨਮਕ ਕਾਨੂੰਨ ਦੀ ਉਲੰਘਣਾ ਕੀਤੀ।

ਸਹੀ

ਗਲਤ

ਲਾਹੌਰ ਵਿੱਚ 1928 ਈ. ਵਿੱਚ ਸਾਈਮਨ ਕਮਿਸ਼ਨ ਦੇ ਬਾਈਕਾਟ ਖਿਲਾਫ ਕੀਤੇ ਗਏ ਲਾਠੀਚਾਰਜ ਵਿੱਚ ਕਿਸ ਕ੍ਰਾਂਤੀਕਾਰੀ ਨੂੰ ਆਪਣੀ ਜਾਨ ਗੁਆਉਣੀ ਪਈ?

ਸ਼ਹੀਦ ਭਗਤ ਸਿੰਘ

ਬਾਲ ਗੰਗਾਧਰ ਤਿਲਕ

ਲਾਲਾ ਲਾਜਪਤ ਰਾਏ

ਮਹਾਤਮਾ ਗਾਂਧੀ

ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਭਗਵਤੀ ਚਰਨ ਵੋਹਰਾ ਅਦਿ ਨੇ 1926 ਈ. ਵਿੱਚ ___________ ਦੀ ਸਥਾਪਨਾ ਕੀਤੀ।

ਹਿੰਦੂ ਮਹਾਂਸਭਾ

ਨੌਜਵਾਨ ਭਾਰਤ ਸਭਾ

ਆਜ਼ਾਦ ਹਿੰਦ ਫੌਜ

ਮੁਸਲਿਮ ਲੀਗ

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਾਹੌਰ ਜੇਲ ਵਿੱਚ ਫਾਂਸੀ ਕਦੋਂ ਦਿੱਤੀ ਗਈ?

23 ਮਾਰਚ 1913

23 ਮਾਰਚ 1941

23 ਮਾਰਚ 1921

23 ਮਾਰਚ 1931

26 ਜਨਵਰੀ 1930 ਈ. ਨੂੰ ਸਾਰੇ ਭਾਰਤ ਵਿੱਚ ___________ ਮਨਾਇਆ ਗਿਆ।

ਗੁਲਾਮੀ ਦਿਵਸ

ਗਣਤੰਤਰ ਦਿਵਸ

ਸੁਤੰਤਰਤਾ ਦਿਵਸ

ਰਾਜਤੰਤਰ ਦਿਵਸ

ਮਹਾਤਮਾ ਗਾਂਧੀ ਨੇ ਅੰਗਰੇਜ਼ੀ ਸਰਕਾਰ ਖਿਲਾਫ਼ ਭਾਰਤ ਛੱਡੋ ਅੰਦੋਲਨ ਕਦੋਂ ਸ਼ੁਰੂ ਕੀਤਾ?

8 ਅਗਸਤ 1942 ਈ.

8 ਅਗਸਤ 1924 ਈ.

8 ਅਗਸਤ 1932 ਈ.

8 ਅਗਸਤ 1922 ਈ.

ਆਜ਼ਾਦ ਹਿੰਦ ਫੌਜ ਦੀ ਸਥਾਪਨਾ ਸੁਭਾਸ਼ ਚੰਦਰ ਬੋਸ ਵੱਲੋਂ 1943 ਈ. ਵਿੱਚ _______ ਵਿਖੇ ਕੀਤੀ ਗਈ।

ਅਮਰੀਕਾ

ਜਰਮਨੀ

ਕਨਾਡਾ

ਜਾਪਾਨ

ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ ਦਾ ਨਾਅਰਾ ਕਿਸ ਨੇ ਦਿੱਤਾ?

ਭਗਤ ਸਿੰਘ

ਲਾਲਾ ਲਾਜਪਤ ਰਾਏ

ਸੁਭਾਸ਼ ਚੰਦਰ ਬੋਸ

ਰਣਜੀਤ ਸਿੰਘ

ਮਾਰਚ 1946 ਈ. ਵਿੱਚ ਕੈਬਿਨੇਟ ਮਿਸ਼ਨ ਭਾਰਤ ਆਇਆ।

ਗਲਤ

ਸਹੀ

ਸੁਤੰਤਰਤਾ ਪ੍ਰਾਪਤ ਕਰਨ ਲਈ ਮਹਾਤਮਾ ਗਾਂਧੀ ਨੇ 1930-34 ਈ. ਤੱਕ ਕਿਹੜਾ ਅੰਦੋਲਨ ਚਲਾਇਆ?

ਸਿਵਲ ਨਾ-ਫਰਮਾਨੀ ਅੰਦੋਲਨ

ਭਾਰਤ ਛੱਡੋ ਅੰਦੋਲਨ

ਸੱਤਿਆਗ੍ਰਹਿ ਅੰਦੋਲਨ

ਸਵਦੇਸ਼ੀ ਅੰਦੋਲਨ

23 ਮਾਰਚ 1940 ਈ. ਨੂੰ ਮੁਸਲਿਮ ਲੀਗ ਨੇ ਲਾਹੌਰ ਵਿੱਚ ਆਪਣੇ ਇਜਲਾਸ ਵਿੱਚ ਹਿੰਦੂ ਅਤੇ ਮੁਸਲਮਾਨ ਦੋ ਅਲੱਗ ਕੌਮਾਂ ਹੋਣ ਦੇ ਆਧਾਰ ਤੇ ਸੁਤੰਤਰ ________ ਦੀ ਮੰਗ ਕੀਤੀ।

ਭਾਰਤ

ਪਾਕਿਸਤਾਨ

ਅਫ਼ਗਾਨਿਸਤਾਨ

ਬੰਗਲਾ ਦੇਸ਼

20 ਫਰਵਰੀ 1947 ਈ. ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਲਾਰਡ ਏਟਲੀ ਨੇ ਐਲਾਨ ਕੀਤਾ ਕਿ 30 ਜੂਨ, 1948 ਈ. ਨੂੰ ਅੰਗਰੇਜ਼ ਸਰਕਾਰ ਭਾਰਤ ਨੂੰ ਆਜ਼ਾਦ ਕਰ ਦੇਵੇਗੀ।

ਗਲਤ

ਸਹੀ

18 ਜੁਲਾਈ 1947 ਈ. ਨੂੰ ਬ੍ਰਿਟਿਸ਼ ਸੰਸਦ ਨੇ ਭਾਰਤੀ ਸੁਤੰਤਰਤਾ ਐਕਟ ਪਾਸ ਕਰ ਦਿੱਤਾ। ਸਿੱਟੇ ਵਜੋਂ 15 ਅਗਸਤ 1947 ਈ. ਨੂੰ ਭਾਰਤ ਵਿੱਚੋਂ ਅੰਗਰੇਜ਼ੀ ਰਾਜ ਖਤਮ ਹੋ ਗਿਆ ਅਤੇ ਭਾਰਤ ਆਜ਼ਾਦ ਹੋ ਗਿਆ।

ਸਹੀ

ਗਲਤ

ਸਹੀ ਮਿਲਾਨ ਕਰੋ।

a) ਦੂਜੀ ਗੋਲਮੇਜ਼ ਕਾਨਫੰਰਸ	(i) 21 ਫਰਵਰੀ 1924
b) ਭਾਰਤ ਛੱਡੋ ਅੰਦੋਲਨ	(ii) ਸਤੰਬਰ 1931
c) ਪੂਰਨ ਸਵਰਾਜ	(iii) 8 ਅਗਸਤ 1942
d) ਜੈਤੋ ਦਾ ਮੋਰਚਾ	(iv) 31 ਦਸੰਬਰ 1929

a) b) c) d)

1) (i), (ii), (iii), (iv)

2) (ii), (iii), (iv), (i)

3) (ii), (iii), (i), (iv)

4) (iv), (ii), (i), (iii)

https://forms.gle/ZgEtNbw45NdMz94f9

ਪਾਠ 21 ਸੁੰਤਤਰਤਾ ਤੋਂ ਬਾਅਦ ਦਾ ਭਾਰਤ

ਭਾਰਤੀ ਸੰਵਿਧਾਨ ਸਭਾ ਨੇ ਜੁਲਾਈ ______ ਈ. ਨੂੰ ਨਵਾਂ ਸੰਵਿਧਾਨ ਬਣਾਉਣਾ ਸ਼ੁਰੂ ਕੀਤਾ।

1945

1946

1947

1943

ਭਾਰਤੀ ਸੰਵਿਧਾਨ ਤਿਆਰ ਕਰਨ ਵਿੱਚ 2 ਸਾਲ 11 ਮਹੀਨੇ ਅਤੇ 18 ਦਿਨਾਂ ਦਾ ਸਮਾਂ ਲੱਗਿਆ।

ਗਲਤ

ਸਹੀ

ਭਾਰਤੀ ਸੰਵਿਧਾਨ 26 ਨਵੰਬਰ 1949 ਈ. ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਹੋਇਆ।

ਸਹੀ

ਗਲਤ

ਦੇਸੀ ਰਿਆਸਤਾਂ ਦਾ ਏਕੀਕਰਨ ਕਰਨ ਦਾ ਸਿਹਰਾ ਕਿਸ ਦੇ ਸਿਰ ਹੈ?

ਮਹਾਰਾਜਾ ਰਣਜੀਤ ਸਿੰਘ

ਸਰਦਾਰ ਵੱਲਭ ਭਾਈ ਪਟੇਲ

ਲਾਲਾ ਲਾਜਪਤ ਰਾਏ

ਪੰਡਤ ਜਵਾਹਰ ਲਾਲ ਨਹਿਰੂ

ਸੰਵਿਧਾਨ ਸਭਾ ਦੀ ਸਥਾਪਨਾ 1946 ਈ. ਵਿੱਚ ਹੋਈ ਅਤੇ ਇਸਦੇ 389 ਮੈਂਬਰ ਸਨ।

ਸਹੀ

ਗਲਤ

ਭਾਰਤੀ ਸੰਵਿਧਾਨ ਦੀ ਖਰੜਾ ਕਮੇਟੀ ਦੇ ਪ੍ਰਧਾਨ ਕੌਣ ਸਨ?

ਡਾ. ਰਾਜਿੰਦਰ ਪ੍ਰਸਾਦ

ਡਾ. ਭੀਮ ਰਾਓ ਅੰਬੇਦਕਰ
ਡਾ. ਮਨਮੋਹਨ ਸਿੰਘ
ਡਾ. ਰਾਧਾ ਕ੍ਰਿਸ਼ਨਨ

17 ਸਤੰਬਰ 1948 ਈ. ਨੂੰ _______ ਦੀ ਰਿਆਸਤ ਨੂੰ ਪੁਲਿਸ ਭੇਜ ਕੇ ਭਾਰਤੀ ਸੰਘ ਵਿੱਚ ਸ਼ਾਮਿਲ ਕਰ ਲਿਆ ਗਿਆ।
ਜੂਨਾਗੜ੍ਹ
ਹੈਦਰਾਬਾਦ
ਪਟਿਆਲਾ
ਫਰੀਦਕੋਟ

20 ਫਰਵਰੀ 1948 ਈ. ਨੂੰ ਕਿਹੜੀ ਰਿਆਸਤ ਵਿੱਚ ਜਨਮਤ ਸੰਗ੍ਰਹਿ ਕਰਵਾ ਕੇ ਭਾਰਤੀ ਸੰਘ ਵਿੱਚ ਸ਼ਾਮਲ ਕੀਤਾ?
ਹੈਦਰਾਬਾਦ
ਕਲਸੀਆ
ਜੂਨਾਗੜ੍ਹ
ਮਲੇਰਕੋਟਲਾ

ਆਜ਼ਾਦੀ ਪ੍ਰਾਪਤ ਕਰਨ ਪਿੱਛੋਂ ਭਾਰਤ ਵਿੱਚ ਦੇਸੀ ਰਿਆਸਤਾਂ ਦੀ ਗਿਣਤੀ ਕਿੰਨੀ ਸੀ?
526
562
571
547

ਪਟਿਆਲਾ, ਨਾਭਾ, ਫਰੀਦਕੋਟ, ਕਪੂਰਥਲਾ, ਜੀਂਦ, ਨਾਲਾਗੜ੍ਹ, ਕਲਸੀਆ ਅਤੇ ਮਲੇਰਕੋਟਲਾ ਰਿਆਸਤਾਂ ਨੂੰ ਇਕੱਠਾ ਕਰਕੇ ________ ਬਣਾਇਆ ਗਿਆ।
ਪੰਜਾਬ ਰਾਜ
ਲਾਹੌਰ ਰਾਜ
ਪਟਿਆਲਾ ਰਾਜ
ਪੈਪਸੂ ਰਾਜ

ਗੋਆ ਨੂੰ ਰਾਜ ਦਾ ਦਰਜਾ ਕਦੋਂ ਮਿਲਿਆ?
30 ਮਈ 1978 ਈ.
30 ਮਈ 1987 ਈ.
30 ਮਈ 1977 ਈ.
30 ਮਈ 1988 ਈ.

ਰਾਜਾਂ ਦਾ ਪੁਨਰਗਠਨ ਲਈ 1956 ਈ. ਵਿੱਚ ਨਿਯੁਕਤ ਕੀਤੇ ਗਏ ਕਮਿਸ਼ਨ ਦੇ ਕਿੰਨੇ ਮੈਂਬਰ ਸਨ?
3
4
5
6

ਗੁੱਟ ਨਿਰਲੇਪ ਦੀ ਪਹਿਲੀ ਕਾਨਫਰੰਸ 1961 ਈ. ਵਿੱਚ ਬਲਗ੍ਰੇਡ ਵਿੱਚ ਹੋਈ।
ਸਹੀ
ਗਲਤ

ਸਾਰਕ (SAARC) ਦੀ ਸਥਾਪਨਾ ਕਦੋਂ ਹੋਈ?
1975 ਈ.
1985 ਈ.
1988 ਈ.
1995 ਈ.

ਭਾਰਤ ਅਤੇ ਚੀਨ ਵਿੱਚ ਯੁੱਧ ਕਦੋਂ ਲੜਿਆ ਗਿਆ?
1966 ਈ.
1926 ਈ.
1962 ਈ.
1972 ਈ.

ਕਾਰਗਿੱਲ ਦਾ ਯੁੱਧ 1999 ਈ. ਵਿੱਚ ਨਹੀਂ ਹੋਇਆ।
ਸਹੀ
ਗਲਤ

ਡਾ. ਰਾਜਿੰਦਰ ਪ੍ਰਸਾਦ ਆਜ਼ਾਦ ਭਾਰਤ ਦੇ ਪਹਿਲੇ _________ ਸਨ।
ਪ੍ਰਧਾਨ ਮੰਤਰੀ
ਰਾਸ਼ਟਰਪਤੀ
ਸਪੀਕਰ
ਉਪਰਾਸ਼ਟਰਪਤੀ

1954 ਈ. ਵਿੱਚ ______ ਨੇ ਪਾਂਡੀਚਰੀ, ਚੰਦਰਨਗਰ ਅਤੇ ਮਾਹੀ ਆਦਿ ਇਲਾਕੇ ਭਾਰਤ ਦੇ ਹਵਾਲੇ ਕਰ ਦਿੱਤੇ।
ਇੰਗਲੈਂਡ
ਪੁਰਤਗਾਲ
ਡੈਨਮਾਰਕ
ਫਰਾਂਸ

ਸੁਤੰਤਰਤਾ ਪਿੱਛੋਂ ਭਾਰਤ ਨੇ ਸੰਵਿਧਾਨ ਦਾ ਨਿਰਮਾਣ ਕਰਨ ਲਈ 7 ਮੈਂਬਰਾਂ ਦੀ ਕਮੇਟੀ ਸਥਾਪਤ ਕੀਤੀ।
ਗਲਤ
ਸਹੀ

ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ________ ਸਨ।
ਲਾਲ ਬਹਾਦੁਰ ਸ਼ਾਸਤਰੀ
ਸਰਦਾਰ ਵਲੱਭ ਭਾਈ ਪਟੇਲ
ਜਵਾਹਰ ਲਾਲ ਨਹਿਰੂ
ਡਾ. ਰਾਧਾ ਕ੍ਰਿਸ਼ਨਨ

1956 ਈ. ਦੇ ਰਾਜ ਪੁਨਰ-ਗਠਨ ਆਯੋਗ ਨੇ ਸਾਰੇ ਭਾਰਤ ਨੂੰ ______ ਰਾਜਾਂ ਅਤੇ 6 ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ।

10

14

22

25

ਭਾਰਤ ਨੇ ______ ਈ. ਵਿੱਚ ਚੀਨ ਦੇ ਪ੍ਰਧਾਨ ਮੰਤਰੀ ਚਾਊ-ਇਨ-ਲਾਈ ਨਾਲ ਇੱਕ ਸਮਝੌਤਾ ਕੀਤਾ ਜੋ ਪੰਚਸ਼ੀਲ ਦੇ ਪੰਜ ਸਿਧਾਂਤਾਂ ਤੇ ਅਧਾਰਤ ਸੀ।

1947

1948

1954

1962

ਧਰਮ ਦੇ ਆਧਾਰ ਤੇ ਹੋਣ ਵਾਲੇ ਦੰਗੇ ਫਸਾਦਾਂ ਨੇ ਕੀ ਕਿਹਾ ਜਾਂਦਾ ਹੈ?

ਜਾਤੀਵਾਦ

ਭਾਸ਼ਾਵਾਦ

ਸੰਪ੍ਰਦਾਇਕਤਾ

ਅਨਪੜ੍ਹਤਾ

ਗੁੱਟ-ਨਿਰਲੇਪ ਲਹਿਰ _______ ਈ. ਵਿੱਚ ਸ਼ੁਰੂ ਕੀਤੀ ਗਈ।

1916

1945

1961

1971

ਭਾਰਤ-ਪਾਕਿਸਤਾਨ ਵਿਚਕਾਰ 1971 ਈ. ਵਿੱਚ ਯੁੱਧ ਹੋਇਆ ਜਿਸ ਵਿੱਚੋਂ _________ ਦਾ ਜਨਮ ਹੋਇਆ।

ਨੇਪਾਲ

ਭੂਟਾਨ

ਬੰਗਲਾ ਦੇਸ਼

ਮਿਆਂਮਾਰ

ਤੇਲਗੂ ਭਾਸ਼ਾ ਬੋਲਦੇ ਇਲਾਕਿਆਂ ਨੂੰ ਕਿਸ ਰਾਜ ਤੋਂ ਵੱਖ ਕਰਕੇ ਆਂਧਰਾ ਪ੍ਰਦੇਸ਼ ਬਣਾਇਆ ਗਿਆ?


ਮਦਰਾਸ

ਤੇਲੰਗਾਨਾ

ਕਰਨਾਟਕ

ਵੇਦਰਭਾ

https://forms.gle/gKUxwnWSBo3EmArF7



ਨਾਗਰਿਕ ਸ਼ਾਸਤਰ

ਪਾਠ: 22 – ਸੰਵਿਧਾਨ ਅਤੇ ਕਾਨੂੰਨ

_______ ਉਹ ਕਾਨੂੰਨੀ ਦਸਤਾਵੇਜ ਹੈ ਜਿਸ ਅਨੁਸਾਰ ਦੇਸ਼ ਦਾ ਪ੍ਰਸ਼ਾਸਨ ਚਲਾਇਆ ਜਾਂਦਾ ਹੈ।

ਸੰਵਿਧਾਨ

ਐਟਲਸ

ਸਰਕਾਰ

ਸੰਸਦ

ਭਾਰਤੀ ਸੰਵਿਧਾਨ ਬਣਾਉਣ ਵਿੱਚ 2 ਸਾਲ 11 ਮਹੀਨੇ 18 ਦਿਨ ਦਾ ਸਮਾਂ ਲੱਗਿਆ।

ਠੀਕ

ਗਲਤ

ਸੰਵਿਧਾਨ ਸਭਾ ਦੇ ਕੁੱਲ ________ ਸਮਾਗਮ ਹੋਏ।

15

7

11

18

ਭਾਰਤ ਦੇ ਪਹਿਲੇ ਰਾਸ਼ਟਰਪਤੀ ਕੌਣ ਸਨ?

ਪੰਡਿਤ ਜਵਾਹਰ ਲਾਲ ਨਹਿਰੂ

ਮਹਾਤਮਾ ਗਾਂਧੀ

ਡਾ. ਰਾਜਿੰਦਰ ਪ੍ਰਸਾਦ
ਡਾ. ਬੀ. ਆਰ. ਅੰਬੇਡਕਰ

ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ _____________ ਨੂੰ ਹੋਈ।

29 ਅਗਸਤ 1947
9 ਨਵੰਬਰ 1946
9 ਦਸੰਬਰ 1946
26 ਨਵੰਬਰ 1949

ਡਾਂਡੀ ਨਾਮਕ ਸਥਾਨ ਤੇ ਗਾਂਧੀ ਜੀ ਨੇ ________ ਤੋੜਿਆ।

ਸ਼ਰਾਬ ਕਾਨੂੰਨ
ਨਮਕ ਕਾਨੂੰਨ
ਦਾਜ ਰੋਕੋ ਕਾਨੂੰਨ
ਉਪਰੋਕਤ ਸਾਰੇ

ਹੇਠ ਲਿਖਿਆਂ ਵਿੱਚੋਂ ਭਾਰਤ ਵਿੱਚ ਕੌਣ ਸਰਵਉੱਚ ਹੈ?

ਪ੍ਰਧਾਨ ਮੰਤਰੀ
ਰਾਸ਼ਟਰਪਤੀ
ਮੁੱਖ ਜੱਜ
ਸੰਵਿਧਾਨ

ਸੰਵਿਧਾਨ ਸਭਾ ਦੀ ਮਸੌਦਾ ਕਮੇਟੀ ਜਿਸ ਦੇ 7 ਮੈਂਬਰ ਸਨ, ਦੇ ਪ੍ਰਧਾਨ ਕੌਣ ਸਨ?

ਡਾ. ਰਾਜਿੰਦਰ ਪ੍ਰਸਾਦ
ਡਾ. ਮਨਮੋਹਨ ਸਿੰਘ
ਡਾ. ਬੀ. ਆਰ. ਅੰਬੇਡਕਰ
ਡਾ. ਰਾਧਾ ਕ੍ਰਿਸ਼ਨਨ

ਭਾਰਤ ਛੱਡੋ ਅੰਦੋਲਨ ਕਦੋਂ ਚਲਾਇਆ ਗਿਆ?

1932 ਈ.
1942 ਈ.
1945 ਈ.
1905 ਈ.

ਮਹਾਤਮਾ ਗਾਂਧੀ ਦੁਆਰਾ 1920 ਈ. ਵਿੱਚ ਕਿਹੜਾ ਅੰਦੋਲਨ ਚਲਾਇਆ ਗਿਆ?

ਨਾ-ਮਿਲਵਰਤਨ ਅੰਦੋਲਨ
ਜੇਲ ਭਰੋ ਅੰਦੋਲਨ
ਦਿੱਲੀ ਚੱਲੋ ਅੰਦੋਲਨ
ਡਾਂਡੀ ਅੰਦੋਲਨ

ਦਾਜ ਰੋਕੂ ਕਾਨੂੰਨ ਕਦੋਂ ਬਣਿਆ?

1971 ਈ.
1961 ਈ.
1981 ਈ.
1991 ਈ.

'ਕਾਨੂੰਨ' ਅੰਗਰੇਜ਼ੀ ਭਾਸ਼ਾ ਦੇ ਸ਼ਬਦ Law ਦਾ ਅਨੁਵਾਦ ਹੈ ਅਤੇ ਲਾਅ ਸ਼ਬਦ ਦੀ ਉਤਪਤੀ ਟਿਊਟੋਨਿਕ ਸ਼ਬਦ ਲੈਗ ਤੋਂ ਹੋਈ ਹੈ ਜਿਸਦਾ ਅਰਥ ਹੈ ਨਿਸ਼ਚਿਤ।

ਠੀਕ
ਗਲਤ

ਨਿਆਂਪਾਲਿਕਾ ਸੰਵਿਧਾਨ ਦੀ ਰੱਖਿਆ ਨਹੀਂ ਕਰਦੀ ਹੈ।

ਠੀਕ
ਗਲਤ

ਬੁਰੇ ਕਾਨੂੰਨਾਂ ਦੀ ਉਲੰਘਣਾ ਕਰਨੀ ਲੋਕਤੰਤਰੀ ਸਰਕਾਰ ਦੀ ਵਿਸ਼ੇਸ਼ਤਾ ਹੈ।

ਠੀਕ
ਗਲਤ

ਸ਼ਰਾਬਬੰਦੀ ਕਾਨੂੰਨ ਕਿਹੜੇ ਰਾਜ ਦੁਆਰਾ ਪਾਸ ਨਹੀਂ ਕੀਤਾ ਗਿਆ ਹੈ?

ਗੁਜਰਾਤ
ਹਰਿਆਣਾ
ਕੇਰਲ
ਪੰਜਾਬ

https://forms.gle/AMSuWmg7qseG2FnL8

ਪਾਠ 23 – ਧਰਮ ਨਿਰਪੱਖਤਾ ਦੀ ਮਹਤੱਤਾ ਅਤੇ ਆਦਰਸ਼ ਲਈ ਕਾਨੂੰਨ

ਸੰਵਿਧਾਨ ਦੇ ਕਿਹੜੇ ਅਨੁਛੇਦ ਵਿੱਚ ਭਾਰਤੀ ਨਾਗਰਿਕਾਂ ਨੂੰ ਸੁਤੰਤਰਤਾਵਾਂ ਦਿੱਤੀਆਂ ਗਈਆਂ ਹਨ?

ਅਨੁਛੇਦ 19
ਅਨੁਛੇਦ 14
ਅਨੁਛੇਦ 18
ਅਨੁਛੇਦ 21

ਮੌਲਿਕ ਅਧਿਕਾਰ ਭਾਰਤੀ ਸੰਵਿਧਾਨ ਦੇ ਕਿਹੜੇ ਭਾਗ ਵਿੱਚ ਹਨ?

ਦੂਜੇ ਭਾਗ ਵਿੱਚ
ਤੀਜੇ ਭਾਗ ਵਿੱਚ
ਚੌਥੇ ਭਾਗ ਵਿੱਚ

ਸਾਡਾ ਪਹਿਲਾ ਮੌਲਿਕ ਅਧਿਕਾਰ ਕਿਹੜਾ ਹੈ?

ਸਮਾਨਤਾ ਦਾ ਅਧਿਕਾਰ

ਸੁਤੰਤਰਤਾ ਦਾ ਅਧਿਕਾਰ

ਸ਼ੋਸ਼ਣ ਵਿਰੁੱਧ ਅਧਿਕਾਰ

ਸਿੱਖਿਆ ਦਾ ਅਧਿਕਾਰ

ਜਾਤਪਾਤ, ਧਰਮ, ਰੰਗ, ਨਸਲ ਆਦਿ ਦੇ ਅਧਾਰ ਤੇ ਕੋਈ ਵਿਤਕਰਾ ਨਾ ਕਰਨਾ __________ ਹੈ।

ਆਰਥਿਕ ਨਿਆਂ

ਰਾਜਨੀਤਿਕ ਨਿਆਂ

ਸਮਾਜਿਕ ਨਿਆਂ

ਵੋਟ ਦਾ ਅਧਿਕਾਰ, ਚੁਣੇ ਜਾਣ ਦਾ ਅਧਿਕਾਰ, ਸਰਕਾਰੀ ਅਹੁਦੇ ਪ੍ਰਾਪਤ ਕਰਨ ਦਾ ਅਧਿਕਾਰ, ਸਰਕਾਰ ਦੀ ਆਲੋਚਨਾ ਦੀ ਸੁਤੰਤਰਤਾ ਆਦਿ ___________ ਦੇਣ ਦਾ ਉਪਰਾਲਾ ਹੈ।

ਆਰਥਿਕ ਨਿਆਂ

ਰਾਜਨੀਤਿਕ ਨਿਆਂ

ਸਮਾਜਿਕ ਨਿਆਂ

________ ਤੋਂ ਭਾਵ ਸਮਾਜ ਵਿੱਚੋਂ ਆਰਥਿਕ ਨਾ-ਬਰਾਬਰੀਆਂ ਦੂਰ ਕਰਕੇ ਆਰਥਿਕ ਅਨਿਆਂ ਨੂੰ ਦੂਰ ਕਰਨਾ ਹੈ।

ਆਰਥਿਕ ਨਿਆਂ

ਰਾਜਨੀਤਿਕ ਨਿਆਂ

ਸਮਾਜਿਕ ਨਿਆਂ

ਆਦਰਸ਼ਾਂ ਲਈ ਕਾਨੂੰਨ ਕਿੱਥੇ ਦਰਜ ਹਨ?

ਕਾਨੂੰਨ ਦੀਆਂ ਕਿਤਾਬਾਂ ਵਿੱਚ

ਪ੍ਰਸਤਾਵਨਾ ਵਿੱਚ

ਭਾਰਤੀ ਸੰਵਿਧਾਨ ਵਿੱਚ

ਸਵਾਗਤ ਜ਼ਿੰਦਗੀ ਵਿੱਚ

ਸੰਵਿਧਾਨ ਅਨੁਸਾਰ ਧਰਮ, ਜਾਤ, ਲਿੰਗ, ਨਸਲ ਦੇ ਆਧਾਰ ਤੇ ਭੇਦ ਭਾਵ ਕੀਤਾ ਜਾ ਸਕਦਾ ਹੈ।

ਠੀਕ

ਗਲਤ

ਪ੍ਰਸਤਾਵਨਾ ਦਾ ਆਰੰਭ 'ਅਸੀਂ ਭਾਰਤ ਦੇ ਲੋਕ' ਸ਼ਬਦਾਂ ਨਾਲ ਹੁੰਦਾ ਹੈ।

ਗਲਤ

ਠੀਕ

ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਪ੍ਰਾਪਤੀ ਲਈ _______ ਸੋਧ ਰਾਹੀਂ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਅਖੰਡਤਾ ਨੂੰ ਸ਼ਾਮਿਲ ਕੀਤਾ ਗਿਆ ਹੈ।

46ਵੀਂ

42ਵੀਂ

86ਵੀਂ

82ਵੀਂ

https://forms.gle/i3f4avBSUy8or3Mj7

ਪਾਠ 24 – ਮੁੱਢਲੇ ਅਧਿਕਾਰ ਅਤੇ ਮਨੁੱਖੀ ਅਧਿਕਾਰਾਂ ਵਜੋਂ ਮੁੱਢਲੇ ਕਰਤੱਵ

ਭਾਰਤੀ ਸੰਵਿਧਾਨ ਵਿੱਚ ਕਿੰਨੇ ਮੌਲਿਕ ਅਧਿਕਾਰ ਦਰਜ ਕੀਤੇ ਗਏ ਹਨ?

10

12

6

7

ਸਿੱਖਿਆ ਦਾ ਅਧਿਕਾਰ ਸੰਵਿਧਾਨ ਵਿੱਚ ਕਿਸ ਧਾਰਾ ਅਧੀਨ ਦਰਜ ਹੈ?

ਧਾਰਾ 21

ਧਾਰ 20

ਧਾਰਾ 21A

ਧਾਰਾ 420

ਉਹ ਅਧਿਕਾਰ ਜਿਹੜੇ ਮਨੁੱਖ ਨੂੰ ਮਾਨਵੀ ਜੀਵਨ ਜਿਉਣ ਦੇ ਯੋਗ ਬਣਾਉਂਦੇ ਹਨ, ਉਨ੍ਹਾਂ ਨੂੰ _____________ ਕਿਹਾ ਜਾਂਦਾ ਹੈ।

ਸ਼ੋਸ਼ਣ ਵਿਰੁੱਧ ਅਧਿਕਾਰ

ਮਨੁੱਖੀ ਅਧਿਕਾਰ

ਸਮਾਨਤਾ ਦਾ ਅਧਿਕਾਰ

ਸੰਪਤੀ ਦਾ ਅਧਿਕਾਰ

ਕਿਸ ਅਧਿਕਾਰ ਤਹਿਤ ਮਨੁੱਖ ਦਾ ਵਪਾਰ ਕਰਨ, ਤਨਖਾਹ ਦਿੱਤੇ ਬਿਨਾਂ ਕੰਮ ਕਰਾਉਣ ਅਤੇ ਦੂਜਿਆਂ ਤੋਂ ਜ਼ਬਰਦਸਤੀ ਕੰਮ ਕਰਾਉਣ ਦੀ ਮਨਾਹੀ ਹੈ?

ਸੁਤੰਤਰਤਾ ਦਾ ਅਧਿਕਾਰ

ਸ਼ੋਸ਼ਣ ਵਿਰੁੱਧ ਅਧਿਕਾਰ

ਸਮਾਨਤਾ ਦਾ ਅਧਿਕਾਰ
ਵੋਟ ਦਾ ਅਧਿਕਾਰ

ਸਾਡਾ ਪਹਿਲਾ ਮੌਲਿਕ ਅਧਿਕਾਰ ਕਿਹੜਾ ਹੈ?

ਸੁਤੰਤਰਤਾ ਦਾ ਅਧਿਕਾਰ
ਸ਼ੋਸ਼ਣ ਵਿਰੁੱਧ ਅਧਿਕਾਰ
ਸਮਾਨਤਾ ਦਾ ਅਧਿਕਾਰ
ਵੋਟ ਦਾ ਅਧਿਕਾਰ

ਸਾਡਾ ਦੂਜਾ ਮੌਲਿਕ ਅਧਿਕਾਰ ਕਿਹੜਾ ਹੈ?

ਸੁਤੰਤਰਤਾ ਦਾ ਅਧਿਕਾਰ
ਸ਼ੋਸ਼ਣ ਵਿਰੁੱਧ ਅਧਿਕਾਰ
ਸਮਾਨਤਾ ਦਾ ਅਧਿਕਾਰ
ਵੋਟ ਦਾ ਅਧਿਕਾਰ

ਸੰਵਿਧਾਨ ਦੀ ਕਿਹੜੀ ਧਾਰਾ ਅਨੁਸਾਰ ਕਿਸੇ ਵਿਅਕਤੀ ਨੂੰ ਧਰਮ ਦੇ ਅਧਾਰ ਤੇ ਵਿਤਕਰਾ ਕਰਨ ਦੀ ਮਨਾਹੀ ਹੈ?

ਧਾਰਾ 25
ਧਾਰਾ 15
ਧਾਰਾ 17
ਧਾਰਾ 14

ਸੰਵਿਧਾਨ ਦੀ ਕਿਹੜੀ ਧਾਰਾ ਅਨੁਸਾਰ ਧਰਮ, ਜਾਤ, ਲਿੰਗ ਅਤੇ ਨਸਲ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ?

ਧਾਰਾ 15
ਧਾਰਾ 17
ਧਾਰਾ 25
ਧਾਰਾ 134

ਸੰਵਿਧਾਨ ਦੀ ਕਿਹੜੀ ਧਾਰਾ ਅਨੁਸਾਰ ਛੂਤ ਛਾਤ ਦੀ ਸਮਾਜਿਕ ਬੁਰਾਈ ਖਤਮ ਕਰ ਦਿੱਤੀ ਗਈ ਹੈ?

ਧਾਰਾ 15
ਧਾਰਾ 24
ਧਾਰਾ 32
ਧਾਰਾ 17

ਭਾਰਤੀ ਸੰਵਿਧਾਨ ਨੇ ਮੌਲਿਕ ਅਧਿਕਾਰ ਕਿਹੜੇ ਦੇਸ਼ ਦੇ ਸੰਵਿਧਾਨ ਤੋਂ ਪ੍ਰੇਰਿਤ ਹੋ ਕੇ ਸ਼ਾਮਲ ਕੀਤੇ?

ਇੰਗਲੈਂਡ
ਰੂਸ
ਅਮਰੀਕਾ
ਫਰਾਂਸ

ਭਾਰਤ ਵਿੱਚ ਸਿੱਖਿਆ ਅਧਿਕਾਰ ਐਕਟ ਕਦੋਂ ਤੋਂ ਲਾਗੂ ਹੈ?

4 ਅਗਸਤ 2009
ਦਸੰਬਰ 2002
1 ਅਪ੍ਰੈਲ 2010
1 ਅਪ੍ਰੈਲ 2009

ਪ੍ਰੈਸ ਦੀ ਆਜ਼ਾਦੀ ਕਿਹੜੇ ਅਧਿਕਾਰ ਅਧੀਨ ਦਿੱਤੀ ਗਈ ਹੈ?

ਸਮਾਨਤਾ ਦਾ ਅਧਿਕਾਰ
ਸਿੱਖਿਆ ਦਾ ਅਧਿਕਾਰ
ਸੁਤੰਤਰਤਾ ਦਾ ਅਧਿਕਾਰ
ਸ਼ੋਸ਼ਣ ਵਿਰੁੱਧ ਅਧਿਕਾਰ

ਸਿੱਖਿਆ ਦੇ ਅਧਿਕਾਰ ਨੂੰ ਕਿਹੜੇ ਅਧਿਕਾਰ ਅਧੀਨ ਦਰਜ ਕੀਤਾ ਗਿਆ ਹੈ?

ਸਮਾਨਤਾ ਦਾ ਅਧਿਕਾਰ
ਸਿੱਖਿਆ ਦਾ ਅਧਿਕਾਰ
ਸੁਤੰਤਰਤਾ ਦਾ ਅਧਿਕਾਰ
ਸ਼ੋਸ਼ਣ ਵਿਰੁੱਧ ਅਧਿਕਾਰ

ਭਾਰਤੀ ਸੰਵਿਧਾਨ ਦੇ ਕਿਹੜੇ ਅਨੁਛੇਦ ਤੱਕ ਸਮਾਨਤਾ ਦਾ ਅਧਿਕਾਰ ਦਿੱਤਾ ਗਿਆ ਹੈ?

ਅਨੁਛੇਦ 15 ਤੋਂ 17 ਤੱਕ
ਅਨੁਛੇਦ 16 ਤੋਂ 18 ਤੱਕ
ਅਨੁਛੇਦ 14 ਤੋਂ 18 ਤੱਕ
ਅਨੁਛੇਦ 12 ਤੋਂ 35 ਤੱਕ

https://forms.gle/bUn65WZDnwiSp3bC9

ਪਾਠ 25 ਸੰਸਦ ਬਣਤਰ, ਭੂਮਿਕਾ ਅਤੇ ਵਿਸ਼ੇਸ਼ਤਾਵਾਂ

ਵਰਤਮਾਨ ਸਮੇਂ ਲੋਕ ਸਭਾ ਦੇ ਮੈਂਬਰਾਂ ਦੀ ਗਿਣਤੀ ਕਿੰਨੀ ਹੈ?

250
545
550
552

ਰਾਜ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ __________ ਹੈ।

238
250
117
545

ਪੰਜਾਬ ਵਿੱਚੋਂ ਲੋਕ ਸਭਾ ਲਈ ________ ਮੈਂਬਰ ਚੁਣੇ ਜਾਂਦੇ ਹਨ।

13
7
17
117

ਭਾਰਤ ਦਾ ਰਾਸ਼ਟਰਪਤੀ ਬਣਨ ਲਈ __________ ਸਾਲ ਉਮਰ ਹੋਣੀ ਚਾਹੀਦੀ ਹੈ।

25 ਸਾਲ
30 ਸਾਲ
35 ਸਾਲ
40 ਸਾਲ

ਪੰਜਾਬ ਵਿੱਚੋਂ ਰਾਜ ਸਭਾ ਲਈ ________ ਮੈਂਬਰ ਅਪ੍ਰਤੱਖ ਚੋਣ ਅਨੁਸਾਰ ਚੁਣੇ ਜਾਂਦੇ ਹਨ।

13
117
10
7

ਭਾਰਤ ਨੇ ਸੰਸਦੀ ਸਰਕਾਰ ਦਾ ਢਾਂਚਾ ਕਿਹੜੇ ਦੇਸ਼ ਦੇ ਸੰਵਿਧਾਨ ਤੋਂ ਗ੍ਰਹਿਣ ਕੀਤਾ ਸੀ?

ਇੰਗਲੈਂਡ
ਅਮਰੀਕਾ
ਦੱਖਣੀ ਅਫ਼ਰੀਕਾ
ਜਰਮਨੀ

ਰਾਸ਼ਟਰਪਤੀ ਰਾਜ ਸਭਾ ਵਿੱਚ ਕਿੰਨੇ ਮੈਂਬਰ ਨਾਮਜ਼ਦ ਕਰ ਸਕਦਾ ਹੈ?

2
12
7
13

ਸੰਸਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਪਾਰਲੀਮੈਂਟ (Parliament) ਦਾ ਪੰਜਾਬੀ ਅਨੁਵਾਦ ਹੈ। ਪਾਰਲੀਮੈਂਟ ਸ਼ਬਦ ਫਰਾਂਸੀਸੀ ਸ਼ਬਦ ਪਾਰਲਰ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ਗੱਲਬਾਤ ਕਰਨਾ।

ਠੀਕ
ਗਲਤ

ਭਾਰਤ ਵਿੱਚ EVM (Electronic Voting Machine) ਦੀ ਵਰਤੋਂ ਪਹਿਲੀ ਵਾਰ _______ ਦੀਆਂ ਲੋਕ ਸਭਾ ਚੋਣਾਂ ਵਿੱਚ ਕੀਤੀ ਗਈ।

2001
2004
2010
2018

ਲੋਕ ਸਭਾ ਵਿੱਚ ਰਾਸ਼ਟਰਪਤੀ ਐਂਗਲੋ ਇੰਡੀਅਨ ਜਾਤੀ ਦੇ ਕਿੰਨੇ ਮੈਂਬਰ ਨਾਮਜ਼ਦ ਕਰਦਾ ਹੈ?

12
13
2
7

ਸੰਸਦ ਦੇ ਦੋਨਾਂ ਸਦਨਾਂ ਵਿੱਚ ਹੋਏ ਮਤਭੇਦ ਨੂੰ ਕੌਣ ਦੂਰ ਕਰਦਾ ਹੈ?

ਪ੍ਰਧਾਨ ਮੰਤਰੀ
ਰਾਸ਼ਟਰਪਤੀ
ਉਪਰਾਸ਼ਟਰਪਤੀ
ਸਪੀਕਰ

ਲੋਕ ਸਭਾ ਇੱਕ ਸਥਾਈ ਸਦਨ ਹੈ।

ਠੀਕ
ਗਲਤ

ਸੰਸਦੀ ਸਰਕਾਰ ਵਿੱਚ ਪ੍ਰਧਾਨ ਮੰਤਰੀ ਨਾਮਾਤਰ ਦਾ ਕਾਰਜਸਾਧਕ ਮੁੱਖੀ ਹੈ।

ਠੀਕ
ਗਲਤ

ਕੇਂਦਰ ਨੂੰ ਮਜ਼ਬੂਤ ਬਣਾਉਣ ਲਈ ਰਾਸ਼ਟਰਪਤੀ ਦੇ ਅਹੁਦੇ ਲਈ ਵੱਧ ਸ਼ਕਤੀਆਂ ਦੇਣ ਦੇ ਪੱਖ ਵਿੱਚ ਕੌਣ ਸੀ ?

ਸਰਦਾਰ ਵਲੱਭ ਭਾਈ ਪਟੇਲ
ਪੰਡਤ ਜਵਾਹਰ ਲਾਲ ਨਹਿਰੂ
ਅਟਲ ਬਿਹਾਰੀ ਵਾਜਪਾਈ
ਡਾ. ਰਾਜਿੰਦਰ ਪ੍ਰਸਾਦ

https://forms.gle/AV4nZnBAPZeWKbR67

ਪਾਠ 26 – ਨਿਆਂਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ

ਹੇਠ ਲਿਖਿਆਂ ਵਿੱਚੋਂ ਕਿਹੜਾ ਸਰਕਾਰ ਦਾ ਅੰਗ ਨਹੀਂ ਹੈ?
ਨਗਰਪਾਲਿਕਾ
ਵਿਧਾਨਪਾਲਿਕਾ
ਕਾਰਜਪਾਲਿਕਾ
ਨਿਆਂਪਾਲਿਕਾ
ਕਾਰਜਪਾਲਿਕਾ ਕੀ ਕੰਮ ਕਰਦੀ ਹੈ?
ਕਾਨੂੰਨ ਬਣਾਉਂਦੀ ਹੈ
ਕਾਨੂੰਨਾਂ ਨੂੰ ਲਾਗੂ ਕਰਦੀ ਹੈ
ਕਾਨੂੰਨ ਦੀ ਰੱਖਿਆ ਕਰਦੀ ਹੈ
ਵਿਧਾਨਪਾਲਿਕਾ ਕੀ ਕੰਮ ਕਰਦੀ ਹੈ?
ਕਾਨੂੰਨ ਬਣਾਉਂਦੀ ਹੈ
ਕਾਨੂੰਨਾਂ ਨੂੰ ਲਾਗੂ ਕਰਦੀ ਹੈ
ਕਾਨੂੰਨ ਦੀ ਰੱਖਿਆ ਕਰਦੀ ਹੈ
ਨਿਆਂਪਾਲਿਕਾ ਦਾ ਕੀ ਕੰਮ ਹੁੰਦਾ ਹੈ?
ਕਾਨੂੰਨ ਬਣਾਉਂਦੀ ਹੈ
ਕਾਨੂੰਨਾਂ ਨੂੰ ਲਾਗੂ ਕਰਦੀ ਹੈ
ਕਾਨੂੰਨ ਦੀ ਰੱਖਿਆ ਕਰਦੀ ਹੈ
ਸਭ ਤੋਂ ਵੱਡੀ ਅਦਾਲਤ (ਸੁਪਰੀਮ ਕੋਰਟ) ਜਾਂ ਸਰਵ-ਉਚ ਅਦਾਲਤ ਭਾਰਤ ਵਿੱਚ ਕਿੱਥੇ ਸਥਿਤ ਹੈ?
ਆਗਰਾ
ਕੋਲਕਾਤਾ
ਦਿੱਲੀ
ਮੁਬੰਈ
ਜ਼ਿਲ੍ਹਾ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਉੱਚ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ।
ਠੀਕ
ਗਲਤ
ਰਾਜ ਦੀ ਸਭ ਤੋਂ ਉੱਚੀ ਅਦਾਲਤ ਨੂੰ ਕੀ ਕਿਹਾ ਜਾਂਦਾ ਹੈ?
ਸੁਪਰੀਮ ਕੋਰਟ
ਹਾਈ ਕੋਰਟ
ਸੈਸ਼ਨ ਕੋਰਟ
ਸੁਪਰੀਮ ਕੋਰਟ ਦਾ ਜੱਜ ____ ਸਾਲ ਤੱਕ ਅਤੇ ਹਾਈਕੋਰਟ ਦਾ ਜੱਜ ____ ਸਾਲ ਤੱਕ ਪਦਵੀ ਤੇ ਰਹਿੰਦੇ ਹਨ।
60, 58
62, 65
65, 62
58, 60
ਜੱਜਾਂ ਦੀ ਨਿਯੁਕਤੀ ਕੌਣ ਕਰਦਾ ਹੈ?
ਪ੍ਰਧਾਨ ਮੰਤਰੀ
ਮੁੱਖ ਮੰਤਰੀ
ਰਾਸ਼ਟਰਪਤੀ
ਰਾਜਪਾਲ
ਭਾਰਤ ਵਿੱਚ ਕਿਹੜੀ ਨਿਆਂਇਕ ਪ੍ਰਣਾਲੀ ਲਾਗੂ ਹੈ?
ਦੋਹਰੀ ਨਿਆਂਇਕ ਪ੍ਰਣਾਲੀ
ਇਕਹਿਰੀ ਨਿਆਂਇਕ ਪ੍ਰਣਾਲੀ
ਵਿਸ਼ੇਸ਼ ਅਦਾਲਤਾਂ ਦੁਆਰਾ ਫੈਸਲਾ ਦਿੱਤੇ ਜਾਣ ਦੇ ਕਿੰਨੇ ਦਿਨਾਂ ਦੇ ਅੰਦਰ-ਅੰਦਰ ਇਨ੍ਹਾਂ ਫੈਸਲਿਆਂ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਜਾ ਸਕਦੀ ਹੈ?
10 ਦਿਨ
20 ਦਿਨ
30 ਦਿਨ
45 ਦਿਨ
ਸੁਪਰੀਮ ਕੋਰਟ ਨੂੰ ਸੰਵਿਧਾਨ ਦੀ ਕਿਹੜੀ ਧਾਰਾ ਅਧੀਨ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਕੋਈ ਵੀ ਮੁਕੱਦਮਾ ਸੁਣਨ ਦਾ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ?
ਧਾਰਾ 136
ਧਾਰਾ 134
ਧਾਰਾ 402
ਧਾਰਾ 420
ਸਿਵਿਲ ਮਾਮਲੇ ਸੰਬੰਧੀ ਜ਼ਿਲ੍ਹੇ ਦੀ ਸਭ ਤੋਂ ਉੱਚੀ ਅਦਾਲਤ ਨੂੰ ਜ਼ਿਲ੍ਹਾ ਅਦਾਲਤ (District Court) ਕਿਹਾ ਜਾਂਦਾ ਹੈ।
ਗਲਤ
ਠੀਕ
ਫੌਜਦਾਰੀ ਮੁਕੱਦਮੇ ਸੰਬੰਧੀ ਜ਼ਿਲ੍ਹੇ ਦੀ ਸਭ ਤੋਂ ਉੱਚੀ ਅਦਾਲਤ ਨੂੰ ਸੈਸ਼ਨ ਕੋਰਟ (Session Court) ਕਿਹਾ ਜਾਂਦਾ ਹੈ।
ਗਲਤ
ਠੀਕ
________ ਮਾਰ-ਧਾੜ, ਲੜਾਈ-ਝਗੜੇ ਜਾਂ ਗਾਲੀ-ਗਲੋਚ ਆਦਿ ਨਾਲ ਸਬੰਧਤ ਹੁੰਦੇ ਹਨ।
ਸਿਵਿਲ ਮਾਮਲੇ
ਫੌਜਦਾਰੀ ਮਾਮਲੇ
ਧਾਰਾ ________ ਅਧੀਨ ਕਿਸੇ ਤੇ ਫੌਜਦਾਰੀ ਮੁਕੱਦਮਾ ਦਰਜ ਹੁੰਦਾ ਹੈ।
702
134

136

751

ਜਨ-ਹਿੱਤ ਮੁਕੱਦਮਾ ਕਦੋਂ ਦਰਜ ਹੋ ਸਕਦਾ ਹੈ?

ਨਿੱਜੀ ਹਿੱਤਾਂ ਦੀ ਰਾਖੀ ਲਈ

ਸਰਕਾਰੀ ਹਿੱਤਾਂ ਦੀ ਰਾਖੀ ਲਈ

ਜਨਤਕ ਹਿੱਤਾਂ ਦੀ ਰਾਖੀ ਲਈ

ਕਾਰਪੋਰੇਟ ਹਿੱਤਾਂ ਦੀ ਰਾਖੀ ਲਈ

ਲੋਕ ਅਦਾਲਤਾਂ ਦੇ ਫੈਸਲੇ ਵਿਰੁੱਧ ਕਿਸੇ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ।

ਗਲਤ

ਠੀਕ

ਪੀ. ਆਈ. ਐਲ. ਤੋਂ ਕੀ ਭਾਵ ਹੈ?

ਪਹਿਲੀ ਸੂਚਨਾ ਰਿਪੋਰਟ

ਜਨਹਿੱਤ ਮੁਕੱਦਮੇਬਾਜ਼ੀ

ਕ੍ਰਿਕੇਟ ਟੂਰਨਾਮੈਂਟ

_______ ਨੂੰ ਪਹਿਲੀ ਸੂਚਨਾ ਰਿਪੋਰਟ ਕਿਹਾ ਜਾਂਦਾ ਹੈ।

ਪੀ. ਆਈ. ਐਲ.

ਐਫ. ਆਈ. ਆਰ.

ਐਸ. ਐਚ. ਓ.

________ ਵਿਆਹ, ਤਲਾਕ, ਬਲਾਤਕਾਰ, ਮੌਲਿਕ ਅਧਿਕਾਰ ਜਾਂ ਜ਼ਮੀਨ-ਜਾਇਦਾਦ ਆਦਿ ਨਾਲ ਸਬੰਧਤ ਹੁੰਦੇ ਹਨ।

ਸਿਵਿਲ ਮਾਮਲੇ

ਫੌਜਦਾਰੀ ਮਾਮਲੇ

ਨਿਆਂਪਾਲਿਕਾ ਮੌਲਿਕ ਅਧਿਕਾਰਾਂ ਦੀ ਰੱਖਿਅਕ ਹੈ।

ਸਹੀ

ਗਲਤ

https://forms.gle/8taTHRZ4Q1tMVREc6

ਪਾਠ 27 – ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ

"ਭਾਰਤ ਵਿੱਚ ਜਾਤੀ ਸਭ ਤੋਂ ਮਹੱਤਵਪੂਰਨ ਰਾਜਨੀਤਿਕ ਦਲ ਹੈ।" ਇਹ ਸ਼ਬਦ ਕਿਸ ਨੇ ਕਹੇ?

ਮਹਾਤਮਾ ਗਾਂਧੀ

ਪੰਡਿਤ ਜਵਾਹਰ ਲਾਲ ਨਹਿਰੂ

ਜੈ ਪ੍ਰਕਾਸ਼ ਨਾਰਾਇਣ

ਡਾ. ਬੀ. ਆਰ ਅੰਬੇਦਕਰ

ਸੀਮਾਂਤ ਗਰੁੱਪ ਸਾਡੇ ਸਮਾਜ ਦੇ ਅਜਿਹੇ ਸਮੂਹ ਹਨ ਜਿਹੜੇ ਸਮਾਜਿਕ ਤੇ ਆਰਥਿਕ ਕਾਰਨਾਂ ਕਰਕੇ ਲੰਬੇ ਸਮੇਂ ਤੋਂ ਅਣਗੋਲੇ ਜਾਂਦੇ ਰਹੇ ਹਨ ।

ਸਹੀ

ਗਲਤ

2011 ਦੀ ਮਰਦਮ-ਸ਼ੁਮਾਰੀ ਅਨੁਸਾਰ ਭਾਰਤ ਵਿਚ ਅਨੁਸੂਚਿਤ ਜਾਤੀਆਂ ਦੀ ਗਿਣਤੀ ਭਾਰਤ ਦੀ ਕੁੱਲ ਵਸੋਂ ਦਾ _____ ਪ੍ਰਤੀਸ਼ਤ ਹਿੱਸਾ ਹੈ

41%

15%

7.5%

ਭਾਰਤੀਆਂ ਨੂੰ ਸਮਾਜਿਕ ਨਿਆਂ ਦੇਣ ਦੇ ਉਦੇਸ਼ ਨਾਲ ਸੰਵਿਧਾਨ ਵਿੱਚ ਕਿਹੜਾ ਮੌਲਿਕ ਅਧਿਕਾਰ ਦਰਜ ਕੀਤਾ ਗਿਆ ਹੈ**?**

ਸੁਤੰਤਰਤਾ ਦਾ ਅਧਿਕਾਰ

ਸ਼ੋਸ਼ਣ ਵਿਰੁੱਧ ਅਧਿਕਾਰ

ਸਮਾਨਤਾ ਦਾ ਅਧਿਕਾਰ

ਧਾਰਮਿਕ ਸੁਤੰਤਰਤਾ ਦਾ ਅਧਿਕਾਰ

ਪੜ੍ਹੋ ਸਾਰੇ ਵਧੋ ਸਾਰੇ ਕਿਸ ਦਾ ਮਾਟੋ **(**ਲੋਗੋ**)** ਹੈ**?**

ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ

ਸਰਵ ਸਿੱਖਿਆ ਅਭਿਆਨ

ਰਾਸ਼ਟਰੀ ਸਾਖਰਤਾ ਮਿਸ਼ਨ

ਪੰਜਾਬ ਸਕੂਲ ਸਿੱਖਿਆ ਬੋਰਡ

ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਕਿੰਨਾ ਲਈ ਲਾਗੂ ਹੈ**?**

ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ

ਕੇਵਲ ਪੱਛੜੀਆਂ ਸ਼੍ਰੇਣੀਆਂ ਲਈ

ਕੇਵਲ ਗਰੀਬ ਲੋਕਾਂ ਲਈ

ਅਨੁਸੂਚਿਤ ਜਾਤੀਆਂ-ਜਨਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ

ਭਾਰਤੀ ਸਵਿਧਾਨ ਵਿਚ ਕਿੰਨੀਆਂ ਭਾਸ਼ਾਵਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ**?**

15

22

28

23
ਮੰਡਲ ਕਮਿਸ਼ਨ ਨੇ ਭਾਰਤ ਵਿੱਚ ਕਿੰਨੀਆਂ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੀ ਪਛਾਣ ਕੀਤੀ ਹੈ?
3787
3743
3437
3734
ਮੰਡਲ ਕਮਿਸ਼ਨ ਦੀ ਸਥਾਪਨਾ ਕਦੋਂ ਕੀਤੀ ਗਈ?
1985 ਈ.
1947 ਈ.
1979 ਈ.
1991 ਈ.
ਛੂਤਛਾਤ ਨਾਲ ਸਬੰਧਤ ਹੇਠ ਲਿਖਿਆਂ ਵਿਚੋਂ ਕਿਹੜਾ ਤੱਥ ਗਲਤ ਹੈ?
ਛੂਤ-ਛਾਤ ਸਮਾਜਿਕ ਅਸਮਾਨਤਾ ਨੂੰ ਜਨਮ ਦਿੰਦੀ ਹੈ
ਛੂਤ-ਛਾਤ ਹੀਣ ਭਾਵਨਾ ਵਿਚ ਵਾਧਾ ਕਰਦੀ ਹੈ
ਛੂਤ-ਛਾਤ ਹਿੰਸਾ ਨੂੰ ਜਨਮ ਦਿੰਦੀ ਹੈ
ਸੰਵਿਧਾਨ ਦੇ ਅਨੁਛੇਦ 17 ਅਧੀਨ ਛੂਤ-ਛਾਤ ਦੀ ਕਾਨੂੰਨੀ ਰੂਪ ਵਿੱਚ ਖੁੱਲ੍ਹ ਹੈ
ਸਮਾਜਿਕ ਅਸਮਾਨਤਾ ਦੀ ਪਹਿਲੀ ਕਿਸਮ _______ ਹੈ।
ਜਾਤੀਵਾਦ
ਛੂਤ ਛਾਤ
ਸੰਪਰਦਾਇਕਤਾ
ਭਾਸ਼ਾਵਾਦ
ਅਨਪੜ੍ਹਤਾ ਨਾਲ ਸਬੰਧਤ ਹੇਠ ਲਿਖਿਆਂ ਵਿਚੋਂ ਕਿਹੜਾ ਤੱਥ ਗਲਤ ਹੈ?
ਅਨਪੜ੍ਹਤਾ ਸਾਰੀਆਂ ਸਮਾਜਿਕ ਅਸਮਾਨਤਾਵਾਂ ਦੀ ਜੜ੍ਹ ਹੈ
ਅਨਪੜ੍ਹਤਾ ਸਮਾਜ ਲਈ ਲਾਹਣਤ ਹੈ
ਅਨਪੜ੍ਹ ਵਿਅਕਤੀ ਆਪਣੇ ਮੁੱਢਲੇ ਅਧਿਕਾਰਾਂ ਦੀ ਉਚਿਤ ਵਰਤੋਂ ਕਰ ਸਕਦੇ ਹਨ
ਅਨਪੜ੍ਹ ਵਿਅਕਤੀ ਧਰਮ ਨਸਲ ਜਾਤ ਦੇ ਅਧਾਰ ਉੱਪਰ ਛੇਤੀ ਗੁੰਮਰਾਹ ਹੋ ਸਕਦੇ ਹਨ
ਭਾਸ਼ਾਵਾਦ ਮਤਦਾਨ ਨੂੰ ਪ੍ਰਭਾਵਿਤ ਕਰਦਾ ਹੈ।
ਠੀਕ
ਗਲਤ
ਹੁਣ ਕਾਨੂੰਨ ਦੇ ਅਨੁਸਾਰ ਸਿਰ ਉੱਪਰ ਮੈਲਾ ਢੋਣ ਦੀ ਪ੍ਰਥਾ ਬੰਦ ਕਰ ਦਿੱਤੀ ਗਈ ਹੈ।
ਠੀਕ
ਗਲਤ
ਸੰਨ 1984 ਵਿਚ ਦਿੱਲੀ ਅੰਦਰ _____ ਦਾ ਕਤਲੇਆਮ ਹੋਇਆ।
ਈਸਾਈਆਂ ਦਾ
ਹਿੰਦੂਆਂ ਦਾ
ਸਿੱਖਾਂ ਦਾ
ਮੁਸਲਮਾਨਾਂ ਦਾ
1947 ਈਸਵੀ ਵਿੱਚ ਭਾਰਤ ਦੇ ਦੋ ਟੁਕੜੇ ਕਿਸ ਕਾਰਨ ਹੋਏ?
ਜਾਤੀਵਾਦ ਕਾਰਨ
ਭਾਸ਼ਾਵਾਦ ਕਾਰਨ
ਅਨਪੜ੍ਹਤਾ ਕਾਰਨ
ਸੰਪਰਦਾਇਕਤਾ ਕਾਰਨ
https://forms.gle/3Xt7N5q3X2yxs353A

ਪਾਠ 28 ਬੈਂਕਾਂ ਦੀਆਂ ਗਤੀਵਿਧੀਆਂ ਨਾਲ ਹੋਰ ਜਾਣ-ਪਛਾਣ
ATM ਦਾ ਪੂਰਾ ਨਾਂ ਕੀ ਹੈ?
ਆਟੋਮੇਟਿਡ ਟੈਲਰ ਮਸ਼ੀਨ
ਆਲ ਟਾਈਮ ਮਨੀ
ਐਨੀ ਟਾਈਮ ਮਨੀ
ਐਡਵਾਂਸ ਟਾਈਮ ਮਸ਼ੀਨ
ਇੱਕ ATM ਕਾਰਡ ਨਾਲ ਕੀ-ਕੀ ਹੋ ਸਕਦਾ ਹੈ?
ਇਸ ਨਾਲ ਨਕਦ ਪੈਸੇ ਕਢਵਾਏ ਜਾ ਸਕਦੇ ਹਨ
ਖਾਤੇ ਦਾ ਬਕਾਇਆ ਚੈੱਕ ਕੀਤਾ ਜਾ ਸਕਦਾ ਹੈ
ਬਿੱਲ ਦਾ ਭੁਗਤਾਨ ਅਤੇ ਫੰਡਾਂ ਦਾ ਤਬਾਦਲਾ ਕੀਤ ਜਾ ਸਕਦਾ ਹੈ
ਕਿਸੇ ਵੀ ਸਮੇਂ ਇੱਕ ਨਿਸ਼ਚਿਤ ਹੱਦ ਤੱਕ ਪੈਸੇ ਕਢਵਾਏ ਜਾ ਸਕਦੇ ਹਨ
ਉਪਰੋਕਤ ਸਾਰੇ
ਬੈਂਕ _______ ਤੇ ਵਿਆਜ ਅਦਾ ਕਰਦਾ ਹੈ।
ਜਮ੍ਹਾਂ ਰਾਸ਼ੀ
ਕਰਜ਼ਾ
ਡੈਬਿਟ ਕਾਰਡ ਦੇ ਕੀ ਫ਼ਾਇਦੇ ਹਨ?
ਇਸ ਨਾਲ ਕਿਸੇ ਨੂੰ ਵੀ ਇਲੈਕਟ੍ਰਾਨਿਕ ਤਰੀਕੇ ਨਾਲ ਭੁਗਤਾਨ ਕੀਤਾ ਜਾ ਸਕਦਾ ਹੈ
ਇਹ ਚੈੱਕਾਂ ਦੀ ਜ਼ਰੂਰਤ ਨੂੰ ਵੀ ਦੂਰ ਕਰਦਾ ਹੈ
ਇਸ ਨਾਲ ਨਕਦ ਪੈਸੇ ਕਢਵਾਏ ਜਾ ਸਕਦੇ ਹਨ
ਬੈਂਕ ਸ਼ਾਖਾ ਵਿੱਚ ਜਾਣ ਦੀ ਲੋੜ ਨਹੀਂ ਰਹਿੰਦੀ

ਉਪਰੋਕਤ ਸਾਰੇ
ਬੈਂਕ ਇੱਕ ਅਜਿਹੀ ਸੰਸਥਾ ਹੈ ਜਿੱਥੇ ਪੈਸੇ ਜਮ੍ਹਾਂ ਕੀਤੇ ਜਾ ਸਕਦੇ ਹਨ ਅਤੇ ਵਿਆਜ ਅਦਾ ਕਰਨ ਦੀ ਸ਼ਰਤ ਤੇ ਕਰਜ਼ਾ ਵੀ ਦਿੰਦੀ ਹੈ।
ਸਹੀ
ਗਲਤ
ਜਦੋਂ ਕੋਈ ਵਿਅਕਤੀ ਆਪਣਾ ਪੈਸਾ ਜਮ੍ਹਾਂ ਕਰਵਾ ਰਿਹਾ ਹੁੰਦਾ ਹੈ ਤਾਂ ਬੈਂਕ ਉਸ ਨੂੰ ਲਾਭ ਦੇ ਰੂਪ ਵਿੱਚ ਕੁੱਝ ________ ਦਿੰਦਾ ਹੈ।
ਇਨਾਮ
ਵਿਆਜ
ਜ਼ੁਰਮਾਨਾ
ਵਜ਼ੀਫਾ
ਜਦੋਂ ਕੋਈ ਬੈਂਕ ਵੱਖ-ਵੱਖ ਉਦੇਸ਼ਾਂ ਜਿਵੇਂ ਕਿ ਮਕਾਨ ਉਸਾਰੀ ਜਾਂ ਕਾਰ ਖਰੀਦਣਾ ਆਦਿ ਲਈ ਲੋਕਾਂ ਨੂੰ ਪੈਸੇ ਦਿੰਦਾ ਹੈ, ਇਸ ਨੂੰ __________ ਕਿਹਾ ਜਾਂਦਾ ਹੈ।
ਵਿਆਜ
ਇਨਾਮ
ਕਰਜ਼ਾ
ਲਾਭ
ਇੱਕ ਕ੍ਰੈਡਿਟ ਕਾਰਡ ________ ਦਾ ਹੀ ਰੂਪ ਹੈ।
ਉਧਾਰ
ਨਕਦੀ
ਇਨਾਮ
ਲਾਭ
________ ਜੇਕਰ ਕ੍ਰੈਡਿਟ ਕਾਰਡ ਧਾਰਕ ਨਿਰਧਾਰਤ ਸਮੇਂ ਦੇ ਅੰਦਰ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਕਾਰਡ ਧਾਰਕ ਨੂੰ _______ ਦਾ ਭੁਗਤਾਨ ਕਰਨਾ ਪੈਂਦਾ ਹੈ।
ਵਿਆਜ
ਇਨਾਮ
ਕਰਜ਼ਾ
ਲਾਭ
ਜਦੋਂ ਕੋਈ ਬੈਂਕ ਕਿਸੇ ਵਿਅਕਤੀ ਨੂੰ ਇਲੈਕਟ੍ਰਾਨਿਕ ਕਾਰਡ ਜਾਰੀ ਕਰਦਾ ਹੈ ਤਾਂ ਜੋ ਵਿਅਕਤੀ ਆਪਣੇ ਖਾਤੇ ਵਿੱਚੋਂ ਨਕਦ ਕਢਵਾਉਣ ਜਾਂ ਵਸਤੂਆਂ ਅਤੇ ਸੇਵਾਵਾਂ ਲਈ ਭੁਗਤਾਨ ਕਰਨ ਲਈ ਉਸਨੂੰ ਵਰਤ ਸਕੇ, ਅਜਿਹੇ ਕਾਰਡ ਨੂੰ _________ ਕਿਹਾ ਜਾਂਦਾ ਹੈ।
ਡੈਬਿਟ ਕਾਰਡ
ਕ੍ਰੈਡਿਟ ਕਾਰਡ
ਇੱਕ __________ ਗਾਹਕ ਨੂੰ ਕਿਸੇ ਵੀ ਵੇਲੇ ਨਕਦ ਕਢਵਾਉਣ ਦੀ ਆਗਿਆ ਦਿੰਦਾ ਹੈ।
ਐਮ.ਆਰ.ਆਈ.
ਏ.ਟੀ.ਐਮ.
ਪੀ.ਟੀ.ਐਮ.
________ ਇੱਕ ਪ੍ਰਣਾਲੀ ਹੈ ਜਿਸ ਦੇ ਜ਼ਰੀਏ ਬੈਂਕ ਆਪਣੇ ਨਿਸ਼ਚਿਤ ਇਲਾਕੇ ਦੇ ਅੰਦਰ ਚੈਕਾਂ ਦਾ ਲੈਣ-ਦੇਣ ਕਰਦੇ ਹਨ ਅਤੇ ਭੁਗਤਾਨਾਂ ਦਾ ਨਿਪਟਾਰਾ ਕਰਦੇ ਹਨ।
ਜਾਤੀਵਾਦ
ਕਲੀਅਰਿੰਗ ਹਾਊਸ
ਐਮ.ਐਨ.ਸੀ.
ਚੈੱਕ ਪ੍ਰੋਸੈਸਿੰਗ ਆਮ ਤੋਰ ਤੇ _______ ਦਿਨਾਂ ਵਿੱਚ ਹੁੰਦੀ ਹੈ ਹਾਲਾਂਕਿ ਇਹ ਕਾਰਵਾਈ ਸਥਾਨਕ ਕਲੀਅਰਿੰਗ ਵਿਭਾਗ ਦੀਆਂ ਪ੍ਰਕਿਰਿਆਵਾਂ ਤੇ ਨਿਰਭਰ ਕਰਦੀ ਹੈ।
1-3
3-5
5-7
ਇੱਕ ਖਾਤਾਧਾਰਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇੱਕ ਚੈੱਕ ਉਦੋਂ ਹੀ ਜਾਰੀ ਕੀਤਾ ਜਾਂਦਾ ਹੈ ਜਦੋਂ ਉਸਦੇ ਖਾਤੇ ਵਿੱਚ _______ ਫੰਡ ਪਏ ਹੋਣ।
ਨਾ-ਮਾਤਰ
ਲੋੜੀਂਦੇ
ਸ੍ਰੀਮਤੀ ਸ਼ਰਮਾ ਨੇ ਇਨ੍ਹਾਂ ਵਿੱਚੋਂ ਕਿਸ ਦੀ ਮਦਦ ਨਾਲ ਪੈਸੇ ਕਢਵਾਏ?
ਏ.ਟੀ.ਐਮ. ਕਾਰਡ
ਕ੍ਰੈਡਿਟ ਕਾਰਡ
ਚੈੱਕ
ਪੈਸੇ ਕਢਵਾਉਣ ਵਾਲਾ ਫਾਰਮ
ਜੇਕਰ ਤੁਸੀਂ ਕਿਸੇ ਏ. ਟੀ. ਐਮ. ਤੋਂ ਪੈਸੇ ਕਢਵਾਉਣਾ ਚਾਹੁੰਦੇ ਹੋ, ਤਾਂ ਤੁਸੀਂ ਕਢਵਾ ਸਕਦੇ ਹੋ?
ਸਿਰਫ ਦਿਨ ਦੇ ਸਮੇਂ ਵਿੱਚ
ਕਿਸੇ ਵੀ ਸਮੇਂ
ਸਿਰਫ ਹਫਤੇ ਦੇ ਕੰਮ-ਕਾਜੀ ਦੇ ਦਿਨਾਂ ਤੇ
ਸਿਰਫ ਛੁੱਟੀਆਂ ਵਿੱਚ
ਤੁਸੀਂ ਏ. ਟੀ. ਐਮ. ਬੂਥ ਕਿੱਥੇ ਦੇਖਿਆ ਹੈ?
ਬੈਂਕਾਂ ਦੇ ਅੰਦਰ
ਬੈਂਕਾਂ ਦੇ ਬਾਹਰ
ਸ਼ਾਪਿੰਗ ਮਾਲਾਂ ਵਿੱਚ
ਉਪਰੋਕਤ ਸਾਰੇ ਥਾਈਂ

ATM ਕਾਰਡ ਹੋਣ ਦੇ ਕੀ ਫਾਇਦੇ ਹਨ?
ਸਮਾਂ ਬਚਦਾ ਹੈ ਤੇ ਕਾਗਜ਼ੀ ਕਾਰਵਾਈ ਘੱਟਦੀ ਹੈ
ਕਿਸੇ ਵੀ ਸਮੇਂ ਪੈਸੇ ਕਢਵਾਏ ਜਾ ਸਕਦੇ ਹਨ
ਖਾਤੇ ਵਿੱਚ ਬਚੇ ਪੈਸੇ ਆਦਿ ਪਤਾ ਕਰਨਾ ਸੌਖਾ ਹੁੰਦਾ ਹੈ
ਉਪਰੋਕਤ ਸਾਰੇ ਹੀ
https://forms.gle/KCNyHSveLwLJF1qc8

ਬੋਰਡ ਪ੍ਰੀਖਿਆ ਦੀ ਤਿਆਰੀ ਲਈ ਮਹੱਤਵਪੂਰਨ ਪ੍ਰਸ਼ਨ

ਭੂਗੋਲ-ਭਾਗ

ਪਾਠ-1 : ਸਾਧਨ – ਕਿਸਮਾਂ ਅਤੇ ਸਾਂਭ ਸੰਭਾਲ

(2 ਅੰਕਾਂ ਵਾਲੇ ਪ੍ਰਸ਼ਨ)

ਸਮੁੰਦਰਾਂ ਤੋਂ ਸਾਨੂੰ ਕੀ-ਕੀ ਪ੍ਰਾਪਤ ਹੁੰਦਾ ਹੈ?

ਸਾਧਨਾਂ ਦੀ ਸਹੀ ਸੰਭਾਲ ਕਿਵੇਂ ਹੋ ਸਕਦੀ ਹੈ?

ਮਿੱਟੀ ਦੀ ਪ੍ਰੀਭਾਸ਼ਾ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਜੀਵ ਅਤੇ ਨਿਰਜੀਵ ਸਾਧਨਾਂ ਵਿੱਚ ਅੰਤਰ ਸਪਸ਼ਟ ਕਰੋ।

ਖਣਿਜ ਪਦਾਰਥ ਸਾਨੂੰ ਕਿੱਥੋਂ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ?

ਵਿਕਸਤ ਅਤੇ ਸੰਭਾਵਤ ਸਾਧਨਾਂ ਨੂੰ ਉਦਾਹਰਣ ਸਹਿਤ ਸਮਝਾਓ।

ਪਾਠ-2 : ਕੁਦਰਤੀ ਸਾਧਨ

(2 ਅੰਕਾਂ ਵਾਲੇ ਪ੍ਰਸ਼ਨ)

ਪਰਵਾਸੀ ਪੰਛੀ ਕੀ ਹਨ ਅਤੇ ਇਹ ਕਿੱਥੋਂ ਆਉਂਦੇ ਹਨ?

ਭਾਰਤ ਵਿੱਚ ਕਿੰਨੇ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ? ਕਿਸਮਾਂ ਦੇ ਨਾਂ ਲਿਖੋ।

ਕੁਦਰਤੀ ਬਨਸਪਤੀ ਨੂੰ ਮਨੁੱਖ ਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ?

ਭੂਮੀ ਨੂੰ ਮੁੱਖ ਤੌਰ ਤੇ ਕਿਹੜੇ-ਕਿਹੜੇ ਧਰਾਤਲੀ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਮਿੱਟੀ ਦੀਆਂ ਕਿਸਮਾਂ ਦੱਸ ਕੇ ਜਲੌਢੀ ਮਿੱਟੀ ਦੀ ਮਹੱਤਤਾ ਬਾਰੇ ਲਿਖੋ।

ਪੱਤਝੜ ਜੰਗਲਾਂ ਤੇ ਇੱਕ ਨੋਟ ਲਿਖੋ।

ਮਿੱਟੀ ਸਾਧਨ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

ਪਾਠ-4 : ਸਾਡੀ ਖੇਤੀਬਾੜੀ

(2 ਅੰਕਾਂ ਵਾਲੇ ਪ੍ਰਸ਼ਨ)

ਅਨਾਜ ਫਸਲਾਂ ਦੇ ਨਾਂ ਲਿਖੋ।

ਕੱਦੂ ਕਰਨਾ ਕਿਸ ਨੂੰ ਕਹਿੰਦੇ ਹਨ?

ਮੱਕੀ ਤੋਂ ਕੀ-ਕੀ ਤਿਆਰ ਕੀਤਾ ਜਾਂਦਾ ਹੈ?

ਪਟਸਨ ਤੋਂ ਕਿਹੜੀਆਂ–ਕਿਹੜੀਆਂ ਚੀਜਾਂ ਬਣਾਈਆਂ ਜਾ ਸਕਦੀਆਂ ਹਨ?

ਕੌਫੀ ਦੀਆਂ ਤਿੰਨ ਕਿਸਮਾਂ ਦੇ ਨਾਂ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਖੇਤੀ ਦੀਆਂ ਕਿਸਮਾਂ ਦੇ ਨਾਂ ਦੱਸ ਕੇ, ਸੰਘਣੀ ਅਤੇ ਵਿਸ਼ਾਲ ਖੇਤੀ ਵਿੱਚ ਅੰਤਰ ਲਿਖੋ।

ਚਾਵਲ ਪੈਦਾ ਕਰਨ ਵਾਲੇ ਮੁੱਖ ਖੇਤਰ ਕਿਹੜੇ ਕਿਹੜੇ ਹਨ?

ਪੰਜਾਬ ਵਿੱਚ ਕਪਾਹ ਦੀ ਪੈਦਾਵਾਰ ਤੇ ਇੱਕ ਨੋਟ ਲਿਖੋ।

ਪਾਠ-5 : ਬੈਂਕ ਅਤੇ ਬੈਂਕਿੰਗ ਗਤੀਵਿਧੀਆਂ

(2 ਅੰਕਾਂ ਵਾਲੇ ਪ੍ਰਸ਼ਨ)

ਚਲੰਤ ਖਾਤੇ ਨਾਲੋਂ ਬੱਚਤ ਖਾਤਾ ਕਿਹੜੇ ਪੱਖੋਂ ਵੱਧ ਲਾਭਦਾਇਕ ਹੁੰਦਾ ਹੈ?

ਇੰਟਰਨੈੱਟ ਬੈਂਕਿੰਗ ਕੀ ਹੈ?

ਮੋਬਾਈਲ ਬੈਂਕਿੰਗ ਕੀ ਹੈ?

ਆਮਦਨ ਕਰ ਕੀ ਹੁੰਦਾ ਹੈ?

(5 ਅੰਕਾਂ ਵਾਲੇ ਪ੍ਰਸ਼ਨ)

RTGS ਅਤੇ NEFT ਵਿੱਚ ਕੀ ਅੰਤਰ ਹੈ?

ਬੈਂਕਾਂ ਵਿੱਚ ਖਾਤੇ ਕਿੰਨੀ ਕਿਸਮ ਦੇ ਹੋ ਸਕਦੇ ਹਨ? ਨਾਮ ਲਿਖੋ।

ਪਾਠ-6 : ਆਫ਼ਤ ਪ੍ਰਬੰਧਨ

(2 ਅੰਕਾਂ ਵਾਲੇ ਪ੍ਰਸ਼ਨ)

ਕੁਦਰਤੀ ਆਫ਼ਤਾਂ ਮੁੱਖ ਤੌਰ ਤੇ ਕਿਹੜੀਆਂ-ਕਿਹੜੀਆਂ ਹਨ?

ਭੂਚਾਲ ਤੋਂ ਤੁਹਾਡਾ ਕੀ ਭਾਵ ਹੈ? ਇਸਨੂੰ ਕਿਵੇਂ ਮਾਪਿਆ ਜਾਂਦਾ ਹੈ?

ਜਵਾਲਾਮੁਖੀ ਕਿਸਨੂੰ ਆਖਦੇ ਹਨ? ਇਸ ਦੀਆਂ ਕਿਸਮਾਂ ਦੇ ਨਾਂ ਲਿਖੋ।

ਸੁਨਾਮੀ ਕਿਵੇਂ ਪੈਦਾ ਹੁੰਦੀ ਹੈ?

ਚੱਕਰਵਾਤ ਕੀ ਹੁੰਦਾ ਹੈ? ਇਸਨੂੰ ਹੋਰ ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ?

ਮਹਾਂਮਾਰੀ ਤੋਂ ਤੁਹਾਡਾ ਕੀ ਭਾਵ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਆਫ਼ਤਾਂ ਮਨੁੱਖ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ?

ਭੂਚਾਲ ਆਫ਼ਤ-ਪ੍ਰਬੰਧਨ ਵਿੱਚ ਸਾਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਸੋਕੇ ਤੋਂ ਬਚਣ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ?

ਇਤਿਹਾਸ-ਭਾਗ

ਪਾਠ-7 : ਕਿੱਥੇ, ਕਦੋਂ ਅਤੇ ਕਿਵੇਂ

(2 ਅੰਕਾਂ ਵਾਲੇ ਪ੍ਰਸ਼ਨ)

ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਕਿਹੜੇ ਤਿੰਨ ਕਾਲਾਂ ਵਿੱਚ ਵੰਡਿਆ ਹੈ?

ਆਧੁਨਿਕ ਕਾਲ ਦੌਰਾਨ ਭਾਰਤ ਵਿੱਚ ਆਈਆਂ ਯੂਰਪੀਨ ਸ਼ਕਤੀਆਂ ਦੇ ਨਾਂ ਲਿਖੋ।

ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ?

ਕਦੋਂ ਅਤੇ ਕਿਸ ਨੇ ਅਵਧ ਰਾਜ ਨੂੰ ਸੁਤੰਤਰ ਰਾਜ ਘੋਸ਼ਿਤ ਕੀਤਾ?

(5 ਅੰਕਾਂ ਵਾਲੇ ਪ੍ਰਸ਼ਨ)

ਸਰਕਾਰੀ ਦਸਤਾਵੇਜ਼ਾਂ ਤੇ ਨੋਟ ਲਿਖੋ।

ਪੁਸਤਕਾਂ ਇਤਿਹਾਸਕ ਸ੍ਰੋਤ ਦੇ ਰੂਪ ਵਿੱਚ ਸਾਡੀ ਕਿਵੇਂ ਸਹਾਇਤਾ ਕਰਦੀਆਂ ਹਨ?

ਪਾਠ-8 : ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ

(2 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਵਿੱਚ ਪੁਰਤਗਾਲੀਆਂ ਦੀਆਂ ਚਾਰ ਬਸਤੀਆਂ ਦੇ ਨਾਂ ਲਿਖੋ।

ਅੰਗਰੇਜ਼ਾਂ ਨੂੰ ਬੰਗਾਲ ਵਿੱਚ ਬਿਨ੍ਹਾਂ ਚੁੰਗੀ ਕਰ ਦੇ ਵਪਾਰ ਕਰਨ ਦੀ ਰਿਆਇਤ ਕਿਸ ਮੁਗਲ ਬਾਦਸ਼ਾਹ ਤੋਂ ਮਿਲੀ?

ਕਰਨਾਟਕ ਦਾ ਪਹਿਲਾ ਯੁੱਧ ਕਿਹੜੀਆਂ ਦੋ ਯੂਰਪੀ ਕੰਪਨੀਆਂ ਵਿਚਕਾਰ ਹੋਇਆ ਅਤੇ ਇਸ ਯੁੱਧ ਵਿੱਚ ਕਿਸ ਦੀ ਜਿੱਤ ਹੋਈ?

ਪਲਾਸੀ ਦੀ ਲੜਾਈ ਕਦੋਂ ਅਤੇ ਕਿਸ ਦੇ ਵਿਚਕਾਰ ਹੋਈ?

ਬਕਸਰ ਦੀ ਲੜਾਈ ਕਦੋਂ ਅਤੇ ਕਿਸ ਦੇ ਵਿਚਕਾਰ ਹੋਈ?

(5 ਅੰਕਾਂ ਵਾਲੇ ਪ੍ਰਸ਼ਨ)

ਲੈਪਸ ਦੀ ਨੀਤੀ ਕੀ ਸੀ?

ਬੰਗਾਲ ਦੀ ਦੋਹਰੀ ਸ਼ਾਸਨ ਪ੍ਰਣਾਲੀ ਤੇ ਨੋਟ ਲਿਖੋ।

ਸਹਾਇਕ ਸੰਧੀ ਬਾਰੇ ਤੁਸੀਂ ਕੀ ਜਾਣਦੇ ਹੋ?

ਪਾਠ-9 :ਪ੍ਰਸ਼ਾਸਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਲ ਪ੍ਰਸ਼ਾਸਨ ਦਾ ਵਿਕਾਸ

(2 ਅੰਕਾਂ ਵਾਲੇ ਪ੍ਰਸ਼ਨ)

ਈਸਟ ਇੰਡੀਆ ਕੰਪਨੀ ਦੇ ਕੰਮਾ ਦੀ ਜਾਂਚ ਕਰਨ ਲਈ ਕਦੋਂ ਅਤੇ ਕਿਹੜਾ ਐਕਟ ਪਾਸ ਕੀਤਾ ਗਿਆ?

ਕਦੋਂ ਅਤੇ ਕਿਹੜਾ ਪਹਿਲਾ ਭਾਰਤੀ ਸਿਵਲ ਸਰਵਿਸ ਦੀ ਪ੍ਰੀਖਿਆ ਪਾਸ ਕਰ ਸਕਿਆ ਸੀ?

ਕਿਹੜੇ ਗਵਰਨਰ ਜਨਰਲ ਨੇ ਪੁਲਿਸ ਵਿਭਾਗ ਵਿੱਚ ਸੁਧਾਰ ਕੀਤੇ ਅਤੇ ਕਿਉਂ?

(5 ਅੰਕਾਂ ਵਾਲੇ ਪ੍ਰਸ਼ਨ)

ਰੈਗੂਲੇਟਿੰਗ ਐਕਟ ਤੋਂ ਕੀ ਭਾਵ ਹੈ?

ਪਿਟਸ ਇੰਡੀਆ ਐਕਟ ਤੇ ਨੋਟ ਲਿਖੋ।

1858 ਈ. ਤੋਂ ਬਾਅਦ ਸੈਨਾ ਵਿੱਚ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ ?

ਨਿਆਂ ਵਿਵਸਥਾ ਤੇ ਨੋਟ ਲਿਖੋ।

ਪਾਠ-10 : ਪੇਂਡੂ ਜੀਵਨ ਅਤੇ ਸਮਾਜ

(2 ਅੰਕਾਂ ਵਾਲੇ ਪ੍ਰਸ਼ਨ)

ਸਥਾਈ ਬੰਦੋਬਸਤ ਕਿਸ ਨੇ, ਕਦੋਂ ਅਤੇ ਕਿੱਥੇ ਸ਼ੁਰੂ ਕੀਤਾ ਸੀ?

ਰੱਈਅਤਵਾੜੀ ਪ੍ਰਬੰਧ ਕਿਸ ਨੇ, ਕਦੋਂ ਅਤੇ ਕਿੱਥੇ-ਕਿੱਥੇ ਸ਼ੁਰੂ ਕੀਤਾ ਸੀ?

ਕ੍ਰਿਸ਼ੀ ਵਣਜੀਕਰਣ ਦੇ ਦੋ ਮੁੱਖ ਲਾਭ ਦੱਸੋ।

(5 ਅੰਕਾਂ ਵਾਲੇ ਪ੍ਰਸ਼ਨ)

ਕ੍ਰਿਸ਼ੀ ਦਾ ਵਣਜੀਕਰਣ ਕਿਵੇਂ ਹੋਇਆ?

ਸਥਾਈ ਬੰਦੋਬਸਤ ਕੀ ਸੀ ਅਤੇ ਉਸ ਦੇ ਕੀ ਆਰਥਿਕ ਪ੍ਰਭਾਵ ਪਏ?

ਨੀਲ ਵਿਦਰੋਹ ਤੋਂ ਤੁਸੀਂ ਕੀ ਜਾਣਦੇ ਹੋ?

ਪਾਠ-11 : ਬਸਤੀਵਾਦ ਅਤੇ ਕਬਾਇਲੀ ਸਮਾਜ

(2 ਅੰਕਾਂ ਵਾਲੇ ਪ੍ਰਸ਼ਨ)

ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਦੇ ਕਿਹੜੇ ਹਨ?

ਛੋਟੇ ਨਾਗਪੁਰ ਇਲਾਕੇ ਵਿੱਚ ਅੰਗਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਕਿਸ ਕਬੀਲੇ ਨੇ ਅਤੇ ਕਦੋਂ ਵਿਦਰੋਹ ਕੀਤਾ?

ਖਾਸੀਸ ਕਬੀਲੇ ਦਾ ਮੋਢੀ ਕੌਣ ਸੀ?

(5 ਅੰਕਾਂ ਵਾਲੇ ਪ੍ਰਸ਼ਨ)

ਕਬਾਇਲੀ ਸਮਾਜ ਤੇ ਨੋਟ ਲਿਖੋ।

ਬਿਰਸਾ ਮੁੰਡਾ ਬਾਰੇ ਤੁਸੀਂ ਕੀ ਜਾਣਦੇ ਹੋ?

ਮੁੰਡਾ ਕਬੀਲੇ ਦੁਆਰਾ ਕੀਤੇ ਗਏ ਵਿਦਰੋਹ ਦੇ ਪ੍ਰਭਾਵ ਲਿਖੋ।

ਪਾਠ-12 : ਦਸਤਕਾਰੀ ਅਤੇ ਉਦਯੋਗ

(2 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਦੇ ਲਘੂ (ਛੋਟੇ) ਉਦਯੋਗਾਂ ਦੇ ਪਤਨ ਦੇ ਦੋ ਕਾਰਨ ਲਿਖੋ।

ਭਾਰਤ ਵਿੱਚ ਸੂਤੀ ਕਪੜੇ ਦਾ ਪਹਿਲਾ ਉਦਯੋਗ ਕਦੋਂ ਅਤੇ ਕਿੱਥੇ ਲਗਾਇਆ ਗਿਆ?

ਚਾਹ ਦਾ ਪਹਿਲਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ?

ਭਾਰਤ ਵਿੱਚ ਪਹਿਲਾ ਪਟਸਨ ਉਦਯੋਗ ਕਦੋਂ ਅਤੇ ਕਿੱਥੇ ਲਗਾਇਆ ਗਿਆ?

(5 ਅੰਕਾਂ ਵਾਲੇ ਪ੍ਰਸ਼ਨ)

19ਵੀਂ ਸਦੀ ਵਿੱਚ ਲਘੂ ਉਦਯੋਗਾਂ ਦੇ ਪਤਨ ਬਾਰੇ ਲਿਖੋ।

ਨੀਲ ਉਦਯੋਗ ਦਾ ਵਰਨਣ ਕਰੋ।

ਪਾਠ-13 : 1857 ਈ. ਦਾ ਵਿਦਰੋਹ

(2 ਅੰਕਾਂ ਵਾਲੇ ਪ੍ਰਸ਼ਨ)

1857 ਈ. ਦੇ ਵਿਦਰੋਹ ਦੇ ਕਿਹੜੇ ਦੋ ਰਾਜਨੀਤਿਕ ਕਾਰਨ ਸਨ?

1857 ਈ. ਦੇ ਵਿਦਰੋਹ ਦੇ ਦੋ ਆਰਥਿਕ ਕਾਰਨ ਦੱਸੋ।

ਬਹਾਦਰ ਸ਼ਾਹ ਜ਼ਫਰ ਨੂੰ ਕੀ ਸਜ਼ਾ ਦਿੱਤੀ ਗਈ?

(5 ਅੰਕਾਂ ਵਾਲੇ ਪ੍ਰਸ਼ਨ)

1857 ਈ. ਦੇ ਵਿਦਰੋਹ ਦੀ ਅਸਫਲਤਾ ਦੇ ਕਾਰਨ ਦੱਸੋ।

1857 ਈ. ਦੇ ਵਿਦਰੋਹ ਦਾ ਤਤਕਾਲੀ ਕਾਰਨ ਕੀ ਸੀ?

ਪਾਠ-14 : ਸਿੱਖਿਆ ਅਤੇ ਅੰਗਰੇਜ਼ੀ ਰਾਜ

(2 ਅੰਕਾਂ ਵਾਲੇ ਪ੍ਰਸ਼ਨ)

ਰਾਜਾ ਰਾਮ ਮੋਹਨ ਰਾਏ ਕਿਹੜੀਆਂ ਭਾਸ਼ਾਵਾਂ ਦੇ ਵਿਦਵਾਨ ਸਨ?

ਭਾਰਤ ਵਿੱਚ ਨਵੀਂ ਸਿੱਖਿਆ ਪ੍ਰਣਾਲੀ ਕਿਸ ਨੇ ਸ਼ੁਰੂ ਕੀਤੀ?

ਮੁਸਲਿਮ ਐਂਗਲੋ ਓਰੀਐਂਟਲ ਕਾਲਜ ਦੀ ਸਥਾਪਨਾ ਕਦੋਂ ਅਤੇ ਕਿੱਥੇ ਹੋਈ?

(5 ਅੰਕਾਂ ਵਾਲੇ ਪ੍ਰਸ਼ਨ)

ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਲਿਖੋ।

ਆਧੁਨਿਕ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਵਾਮੀ ਦਯਾਨੰਦ ਸਰਸਵਤੀ ਦੇ ਯੋਗਦਾਨ ਬਾਰੇ ਲਿਖੋ।

ਪਾਠ-15 : ਇਸਤਰੀਆਂ ਅਤੇ ਸੁਧਾਰ

(2 ਅੰਕਾਂ ਵਾਲੇ ਪ੍ਰਸ਼ਨ)

ਸਤੀ-ਪ੍ਰਥਾ ਨੂੰ ਕਦੋਂ, ਕਿਸ ਨੇ ਅਤੇ ਕਿਸ ਦੇ ਯਤਨਾਂ ਸਦਕਾ ਗੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ?

ਕਿਸ ਸਾਲ ਵਿਧਵਾ-ਵਿਆਹ ਕਰਾਉਣ ਦੀ ਕਾਨੂੰਨੀ ਆਗਿਆ ਦਿੱਤੀ ਗਈ?

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕਦੋਂ ਅਤੇ ਕਿਸ ਦੁਆਰਾ ਕੀਤੀ ਗਈ?

(5 ਅੰਕਾਂ ਵਾਲੇ ਪ੍ਰਸ਼ਨ)

ਰਾਜਾ ਰਾਮ ਮੋਹਨ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਬਾਰੇ ਪਾਏ ਗਏ ਯੋਗਦਾਨ ਦਾ ਸੰਖੇਪ ਵਰਨਣ ਕਰੋ।

19ਵੀਂ ਸਦੀ ਵਿੱਚ ਇਸਤਰੀਆਂ ਦੀ ਦਸ਼ਾ ਦਾ ਵਰਨਣ ਕਰੋ।

ਪਾਠ-16 : ਜਾਤੀ ਪ੍ਰਥਾ ਨੂੰ ਚੁਣੌਤੀ

(2 ਅੰਕਾਂ ਵਾਲੇ ਪ੍ਰਸ਼ਨ)

ਵੀਰ ਸਲਿੰਗਮ ਨੂੰ ਅਜੋਕੇ ਆਂਧਰਾ ਪ੍ਰਦੇਸ਼ ਦਾ ਪੈਗੰਬਰ ਕਿਉਂ ਕਿਹਾ ਜਾਂਦਾ ਹੈ?

ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਕਿਸ ਸ਼ਬਦ ਦੀ ਵਰਤੋਂ ਕੀਤੀ ਅਤੇ ਉਸ ਦਾ ਅਰਥ ਕੀ ਸੀ?

(5 ਅੰਕਾਂ ਵਾਲੇ ਪ੍ਰਸ਼ਨ)

ਸਮਾਜ ਸੁਧਾਰਕਾਂ ਨੇ ਜਾਤੀ ਪ੍ਰਥਾ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ?

ਸ਼੍ਰੀ ਨਾਰਾਇਣ ਗੁਰੂ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਲਈ ਕੀ ਯੋਗਦਾਨ ਪਾਇਆ?

ਪਾਠ-17 : ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ

(2 ਅੰਕਾਂ ਵਾਲੇ ਪ੍ਰਸ਼ਨ)

ਬਸਤੀਵਾਦ ਤੋਂ ਕੀ ਭਾਵ ਹੈ?

ਅੰਗਰੇਜ਼ਾਂ ਨੇ ਆਪਣੀ ਪਹਿਲੀ ਵਪਾਰਕ ਫੈਕਟਰੀ ਕਦੋਂ ਅਤੇ ਕਿੱਥੇ ਸਥਾਪਿਤ ਕੀਤੀ?

ਮਦਰਾਸ ਸ਼ਹਿਰ ਵਿੱਚ ਵੇਖਣਯੋਗ ਅਸਥਾਨ ਕਿਹੜੇ ਹਨ?

ਭਾਰਤ ਵਿੱਚ ਸਰਵਜਨਕ ਕਾਰਜ ਨਿਰਮਾਣ ਦੀ ਸਥਾਪਨਾ ਕਿਸ ਅੰਗਰੇਜ਼ ਅਫ਼ਸਰ ਨੇ ਕੀਤੀ ਸੀ?

(5 ਅੰਕਾਂ ਵਾਲੇ ਪ੍ਰਸ਼ਨ)

ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਪੁਲਿਸ ਪ੍ਰਬੰਧ ਤੇ ਨੋਟ ਲਿਖੋ।

ਪਾਠ-18 : ਕਲਾਵਾਂ : ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ

(2 ਅੰਕਾਂ ਵਾਲੇ ਪ੍ਰਸ਼ਨ)

ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖ਼ਬਾਰ ਛਾਪਣੇ ਸ਼ੁਰੂ ਕੀਤੇ ਸਨ?

ਭਾਰਤ ਵਿੱਚ ਸਭ ਤੋਂ ਪਹਿਲਾ ਛਾਪਾਖਾਨਾ ਕਦੋਂ ਅਤੇ ਕਿਸ ਦੁਆਰਾ ਸ਼ੁਰੂ ਕੀਤਾ ਗਿਆ ਸੀ?

ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰਾਂ ਦੇ ਨਾਂ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

19ਵੀਂ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਸਾਹਿਤ ਦਾ ਕੀ ਵਿਕਾਸ ਹੋਇਆ?

ਪਾਠ-19 : ਰਾਸ਼ਟਰੀ ਅੰਦੋਲਨ, 1885-1919 ਈ.

(2 ਅੰਕਾਂ ਵਾਲੇ ਪ੍ਰਸ਼ਨ)

ਬੰਗਾਲ ਦੀ ਵੰਡ ਕਦੋਂ ਅਤੇ ਕਿਸ ਗਵਰਨਰ ਜਨਰਲ ਦੇ ਸਮੇਂ ਵਿੱਚ ਹੋਈ ਸੀ?

ਗਦਰ ਪਾਰਟੀ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?

(5 ਅੰਕਾਂ ਵਾਲੇ ਪ੍ਰਸ਼ਨ)

ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ?

ਕ੍ਰਾਂਤੀਕਾਰੀ ਅੰਦੋਲਨ ਤੇ ਨੋਟ ਲਿਖੋ।

ਭਾਰਤੀਆਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਕੀ ਕਾਰਨ ਸਨ?

ਪਾਠ-20 : ਭਾਰਤੀ ਸੁਤੰਤਰਤਾ ਲਈ ਸੰਘਰਸ਼ : 1919-1947

(2 ਅੰਕਾਂ ਵਾਲੇ ਪ੍ਰਸ਼ਨ)

ਜਲ੍ਹਿਆਂ ਵਾਲਾ ਬਾਗ ਹੱਤਿਆਕਾਂਡ ਕਦੋਂ ਅਤੇ ਕਿੱਥੇ ਹੋਇਆ?

(5 ਅੰਕਾਂ ਵਾਲੇ ਪ੍ਰਸ਼ਨ)

ਸਾਈਮਨ ਕਮਿਸ਼ਨ ਬਾਰੇ ਤੁਸੀਂ ਕੀ ਜਾਣਦੇ ਹੋ?

ਭਾਰਤ ਛੱਡੋ ਅੰਦੋਲਨ ਕੀ ਸੀ?

ਆਜ਼ਾਦ ਹਿੰਦ ਫੌਜ ਤੇ ਨੋਟ ਲਿਖੋ।

ਪਾਠ-21 : ਸੁੰਤਤਰਤਾ ਤੋਂ ਬਾਅਦ ਦਾ ਭਾਰਤ

(2 ਅੰਕਾਂ ਵਾਲੇ ਪ੍ਰਸ਼ਨ)

ਸੰਵਿਧਾਨ ਸਭਾ ਦੀ ਸਥਾਪਨਾ ਕਦੋਂ ਹੋਈ ਅਤੇ ਇਸ ਦੇ ਕਿੰਨੇ ਮੈਂਬਰ ਸਨ?

ਪੰਚਸ਼ੀਲ ਦੇ ਕੋਈ ਦੋ ਸਿਧਾਂਤ ਲਿਖੋ।

ਦੇਸੀ ਰਿਆਸਤਾਂ ਦੇ ਏਕੀਕਰਨ ਦਾ ਸਿਹਰਾ ਕਿਸ ਦੇ ਸਿਰ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਵਿਦੇਸ਼ ਨੀਤੀ ਬਾਰੇ ਤੁਹਾਡਾ ਕੀ ਭਾਵ ਹੈ?

ਸੰਪ੍ਰਦਾਇਕਤਾ ਤੇ ਨੋਟ ਲਿਖੋ।

ਨਾਗਰਿਕ ਸ਼ਾਸ਼ਤਰ-ਭਾਗ

ਪਾਠ-22 : ਸੰਵਿਧਾਨ ਅਤੇ ਕਾਨੂੰਨ

(2 ਅੰਕਾਂ ਵਾਲੇ ਪ੍ਰਸ਼ਨ)

ਸੰਵਿਧਾਨ ਤੋਂ ਕੀ ਭਾਵ ਹੈ?

ਕਾਨੂੰਨ ਦੇ ਸ਼ਬਦੀ ਅਰਥ ਲਿਖੋ।

ਨਿਆਂਪਾਲਿਕਾ ਦੀ ਨਿਰਪੱਖਤਾ ਤੋਂ ਕੀ ਭਾਵ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਸੰਵਿਧਾਨ ਦੀ ਸਰਵਉੱਚਤਾ ਤੋਂ ਕੀ ਭਾਵ ਹੈ?

ਭਾਰਤੀ ਸੰਵਿਧਾਨ ਦਾ ਨਿਰਮਾਣ ਕਿਵੇਂ ਹੋਇਆ?

ਪਾਠ-23 : ਧਰਮ ਨਿਰਪੱਖਤਾ ਦੀ ਮਹੱਤਤਾ ਅਤੇ ਆਦਰਸ਼ ਲਈ ਕਾਨੂੰਨ

(2 ਅੰਕਾਂ ਵਾਲੇ ਪ੍ਰਸ਼ਨ)

ਸੰਵਿਧਾਨ ਵਿੱਚ ਸ਼ਾਮਲ ਆਦਰਸ਼ਾਂ ਤੋਂ ਕੀ ਭਾਵ ਹੈ?

ਧਰਮ ਨਿਰਪੱਖਤਾ ਸ਼ਬਦ ਦਾ ਅਰਥ ਲਿਖੋ।

ਨਿਆਂਪਾਲਿਕਾ ਦੀ ਨਿਰਪੱਖਤਾ ਤੋਂ ਕੀ ਭਾਵ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਸਮਾਨਤਾ ਤੋਂ ਕੀ ਭਾਵ ਹੈ? ਸੰਵਿਧਾਨ ਅਨੁਸਾਰ ਕਿਹੜੀਆਂ ਸਮਾਨਤਾਵਾਂ ਦਿੱਤੀਆਂ ਗਈਆਂ ਹਨ?

ਸੰਵਿਧਾਨ ਦੀ ਪ੍ਰਸਤਾਵਨਾ ਦੀ ਕੀ ਮਹੱਤਤਾ ਹੈ?

ਰਾਸ਼ਟਰੀ ਏਕਤਾ ਅਤੇ ਅਖੰਡਤਾ ਤੋਂ ਕੀ ਭਾਵ ਹੈ?

ਪਾਠ-24 : ਮੁੱਢਲੇ ਅਧਿਕਾਰਾਂ ਅਤੇ ਮਨੁੱਖੀ ਅਧਿਕਾਰਾਂ ਵਜੋਂ ਮੁੱਢਲੇ ਕਰਤੱਵ

(2 ਅੰਕਾਂ ਵਾਲੇ ਪ੍ਰਸ਼ਨ)

ਅਧਿਕਾਰਾਂ ਤੋਂ ਕੀ ਭਾਵ ਹੈ?

ਛੂਤ-ਛਾਤ ਦੀ ਸਮਾਪਤੀ ਕਿਹੜੇ ਅਨੁਛੇਦ ਰਾਹੀਂ ਹੋਈ?

(5 ਅੰਕਾਂ ਵਾਲੇ ਪ੍ਰਸ਼ਨ)

ਸ਼ੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

ਸਿੱਖਿਆ ਦੇ ਅਧਿਕਾਰ ਤੇ ਸੰਖੇਪ ਨੋਟ ਲਿਖੋ।

ਪਾਠ-25 : ਸੰਸਦ-ਬਣਤਰ, ਭੂਮਿਕਾ ਅਤੇ ਵਿਸ਼ੇਸ਼ਤਾਵਾਂ

(2 ਅੰਕਾਂ ਵਾਲੇ ਪ੍ਰਸ਼ਨ)

ਸੰਸਦ ਵਿੱਚ ਕਾਨੂੰਨ ਕਿਵੇਂ ਬਣਦਾ ਹੈ?

ਸੰਸਦ ਦੇ ਸ਼ਬਦੀ ਅਰਥ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਪ੍ਰਧਾਨਮੰਤਰੀ ਦੀ ਭੂਮਿਕਾ ਲਿਖੋ।

ਭਾਰਤੀ ਸੰਸਦ ਦੀ ਬਣਤਰ ਲਿਖੋ।

ਪਾਠ-26 : ਨਿਆਂ ਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ

(2 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਦੀ ਸਭ ਤੋਂ ਵੱਡੀ ਅਦਾਲਤ ਕਿਹੜੀ ਹੈ ਅਤੇ ਕਿੱਥੇ ਸਥਿਤ ਹੈ?

ਜਨਹਿਤ ਮੁਕਦਮਾ ਕੀ ਹੈ?

ਸਰਕਾਰੀ ਵਕੀਲ ਕੌਣ ਹੁੰਦੇ ਹਨ?

ਸਿਵਲ ਮੁਕਦਮਾ ਕੀ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਤੋ ਕੀ ਭਾਵ ਹੈ?

ਸਿਵਲ ਅਤੇ ਫੌਜਦਾਰੀ ਮਾਮਲਿਆਂ ਵਿਚ ਅੰਤਰ ਲਿਖੋ।

ਐਫ ਆਈ ਆਰ ਨਾ ਦਰਜ ਹੋਣ ਤੇ ਅਦਾਲਤ ਦੀ ਭੂਮਿਕਾ ਲਿਖੋ।

ਪਾਠ - 27 ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ

(2 ਅੰਕਾਂ ਵਾਲੇ ਪ੍ਰਸ਼ਨ)

ਸਮਾਜਿਕ ਅਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋ?

ਜਾਤੀਵਾਦ ਤੇ ਛੂਤ-ਛਾਤ ਤੋਂ ਕੀ ਭਾਵ ਹੈ?

ਰਾਖਵੇਂਕਰਨ ਦਾ ਕੀ ਅਰਥ ਹੈ?

ਅਨਪੜ੍ਹਤਾ ਦਾ ਲੋਕਤੰਤਰ ਤੇ ਕੀ ਪ੍ਰਭਾਵ ਪੈਂਦਾ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਸਰਵ-ਸਿੱਖਿਆ ਅਭਿਆਨ ਤੇ ਇੱਕ ਨੋਟ ਲਿਖੋ।

ਸੀਮਾਂਤ ਗਰੁੱਪ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ? ਇਸ ਦੀਆਂ ਕਿਸਮਾਂ ਲਿਖੋ।

ਜਾਤੀਵਾਦ ਦਾ ਭਾਰਤੀ ਲੋਕਤੰਤਰ ਤੇ ਨੋਟ ਲਿਖੋ।

ਪਾਠ-28 : ਬੈਂਕਾਂ ਦੀਆਂ ਗਤੀਵਿਧੀਆਂ ਨਾਲ ਹੋਰ ਜਾਣ-ਪਛਾਣ

(2 ਅੰਕਾਂ ਵਾਲੇ ਪ੍ਰਸ਼ਨ)

ਇੱਕ ATM ਕਾਰਡ ਨਾਲ ਕੀ-ਕੀ ਹੋ ਸਕਦਾ ਹੈ?

ਡੈਬਿਟ ਕਾਰਡ ਦੇ ਕੀ ਫਾਇਦੇ ਹਨ?

(5 ਅੰਕਾਂ ਵਾਲੇ ਪ੍ਰਸ਼ਨ)

ATM ਕਾਰਡ ਹੋਣ ਦੇ ਕੀ ਫਾਇਦੇ ਹਨ?

ਕ੍ਰੈਡਿਟ ਅਤੇ ਡੈਬਿਟ ਕਾਰਡ ਵਿੱਚ ਕੀ ਅੰਤਰ ਹੁੰਦਾ ਹੈ?

(ਪ੍ਰਸ਼ਨਾਂ ਦੇ ਉੱਤਰ ਸਹੀ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਜੇਕਰ ਕਿਸੇ ਵੀ ਪ੍ਰਸ਼ਨ ਵਿੱਚ ਫਿਰ ਵੀ ਕੋਈ ਗਲਤੀ ਰਹਿ ਗਈ ਹੋਵੇ ਤਾਂ ਕਿਰਪਾ ਕਰਕੇ ਬਿਨ੍ਹਾਂ ਕਿਸੇ ਸੰਕੋਚ ਤੋਂ ਲੇਖਕ ਨਾਲ ਤੁਰੰਤ ਸੰਪਰਕ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਦੇ ਹਿੱਤ ਲਈ ਉਸ ਗਲਤੀ ਨੂੰ ਦਰੁਸਤ ਕੀਤਾ ਜਾ ਸਕੇ।)

Vijay Gupta,
Lecturer in History
School of Eminence Fazilka
977 990 3800

To watch the live and recorded SST lectures, you may subscribe the channel
👇
https://www.youtube.com/c/VijayGuptaGlobalWinner

SST Channel